ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

## ਲੁਧਿਆਣਾ

**SURA MONTHLY, LUDHIANA**

ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ (ਗੁਰਦੁਆਰਾ ਰਾਮਸਰ ਸਾਹਿਬ) ਸ੍ਰੀ ਅੰਮ੍ਰਿਤਸਰ

SEPTEMBER 1994



ਸਤੰਬਰ ੧੯੯੪

ਏਥੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੋਥੀ ਲਿਖਵਾਈ ਸੀ ।

www.AKJ.Org

# ਤਤਕਰਾ


| | | | |
|---|---|---|---|
| ੧. | ਅਸੁਨਿ ਪ੍ਰੇਮ ਉਮਾਹੜਾ | ੧ | ਬਾਰਹਮਾਹਾ ਮਾਝ ਮ: ੫ |
| ੨. | ਸ਼ਬਦ ਗੁਰੂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' | ੪ | ਭਾਈ ਸਾਹਿਬ ਰਣਧੀਰ ਸਿੰਘ |
| ੩. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਅੰਦਰਲੀ ਤਰਤੀਬ | ੧੦ | ਪ੍ਰੋ: ਸਾਹਿਬ ਸਿੰਘ ਜੀ ਡੀ. ਲਿਟ |
| ੪. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ | ੧੩ | ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ |
| ੫. | ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ | ੧੭ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ੬. | ਸ਼ਹੀਦ ਭਗਤ ਸਿੰਘ ਦੀ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ | ੨੧ | ਗਿਆਨੀ ਗੁਰਦਿਤ ਸਿੰਘ ਜੀ |
| ੭. | ਭਾਈ ਰਣਧੀਰ ਸਿੰਘ ਦੀ ਜੇਲ ਚਿੱਠੀ- ਇਤਿਹਾਸ ਦੀ ਰੌਸ਼ਨ ਹਕੀਕਤ | ੨੪ | ਪ੍ਰੋ. ਹਰਿੰਦਰ ਸਿੰਘ ਮਹਿਬੂਬ |
| ੮. | ਗੁਰਬਾਣੀ ਵਿੱਚ ਪ੍ਰਸ਼ਨ ਉੱਤਰ | ੩੧ | - - - - |
| ੯. | ਗੁਰਬਾਣੀ ਦੀ ਅਕਥ ਕਥਾ | ੩੨ | ਭਾਈ ਸਾਹਿਬ ਰਣਧੀਰ ਸਿੰਘ ਜੀ |
| ੧੦. | ਸਾਬਤ ਸੂਰਤ ਸਿਰਿ ਦਸਤਾਰ (ਕਵਿਤਾ) | ੩੩ | ਗਿਆਨੀ ਹਰਬੰਸ ਸਿੰਘ 'ਉਦਾਸ' |
| ੧੧. | ਬੰਦੇ ਵਾਹਿਗੁਰੂ ਵਾਹਿਗੁਰੂ ਬੋਲ (ਕਵਿਤਾ) | ੩੩ | ਤੇਗ ਬਹਾਦਰ ਸਿੰਘ |
| ੧੨. | ਦਸਵੰਧ | ੩੪ | ਪ੍ਰੋ: ਹਰਬੰਸ ਸਿੰਘ |
| ੧੩. | ਸੁਪਨਾ | ੩੮ | ਭਾਈ ਕ੍ਰਿਪਾਲ ਸਿੰਘ ਖਾਲਸਾ |
| ੧੪. | ਗੁਰਮੁਖ ਹੰਸਾਲੇ ਤੇ ਮਨਮੁਖ ਬਗਲੇ | ੪੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ੧੫. | ਬਾਬੇ ਨੇ ਇਉਂ ਆਖਿਆ | ੪੫ | ਪ੍ਰੋ: ਹਰਬੰਸ ਸਿੰਘ, |
| ੧੬. | ਗੁਰਬਾਣੀ ਵਿਚ ਰਲਾਵਟ | ੪੮ | ਸੰਪਾਦਕ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ੧. ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ | ੬ ਸਤੰਬਰ | ੫. ਜੋਤੀ ਜੋਤਿ ਸਮਾਉਣ ਦਿਵਸ ਪਾ: ੩ | ੧੯ ਸਤੰਬਰ |
| ੨. ਗੁਰਿਆਈ ਪਾਤਸ਼ਾਹੀ ਪੰਜਵੀਂ | ੭ ਸਤੰਬਰ | ੬. ਗੁਰਿਆਈ ਪਾ: ੨ | ੨੫ ਸਤੰਬਰ |
| ੩. ਜੋਤੀ ਜੋਤਿ ਸਮਾਉਣ ਦਿਵਸ ਪਾਤਸ਼ਾਹੀ ੪ | ੮ ਸਤੰਬਰ | ੭. ਜੋਤੀ ਜੋਤਿ ਪਾ : ੧ | ੩੦ ਸਤੰਬਰ |
| ੪. ਗੁਰਿਆਈ ਪਾਤਸ਼ਾਹੀ ੪ | ੧੭ ਸਤੰਬਰ | ੮. ਜਨਮ ਬਾਬਾ ਬੁੱਢਾ ਜੀ | ੨੨ ਸਤੰਬਰ |

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ

੧. ਲੁਧਿਆਣਾ – ਮੁੱਖ ਦਫਤਰ 'ਸੂਰਾ'- ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ
੩. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫ਼ੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ – ਪਿੰਡ ਉਪੋਕੇ (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ-੩੫ ਫ਼ਤਹ ਨਗਰ
੮. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ
੯. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੦. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯
੧੧. ਅੰਮ੍ਰਿਤਸਰ – ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੯੭ ਘਰ : ੨੩੧੫੨੦

ਸੂਚਨਾ-ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

ਡਿਜ਼ਾਈਨ ਕਰਾਫ਼ਟ, ਗੁਰੂ ਨਾਨਕ ਦੇਵ ਮਾਰਕੀਟ, ਗਿੱਲ ਰੋਡ, ਲੁਧਿਆਣਾ ਫੋਨ : 533098 ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨ -ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ

ਮਾਸਿਕ ਸੂਰਾ ਪੱਤਰ

ਲੁਧਿਆਣਾ

ਸਾਲਾਨਾ ਚੰਦਾ

ਦੇਸ ੩੦-੦੦

ਇਕ ਪਰਚਾ ੩-੦੦

(ਪਰਦੇਸ ਸਾਰੇ)

ਸਾਲਾਨਾ ਚੰਦਾ

ਸਮੁੰਦਰੀ ਡਾਕ ੧੦੦-੦੦

ਹਵਾਈ ਡਾਕ ੩੦੦-੦੦

Foreign Subscription

Sea Mail 100-00

Air Mail 300-00

ਅਮਾਨਤੀ

ਲਾਈਫ਼ ਮੈਂਬਰ

ਦੇਸ ੩੦੦-੦੦

ਪਰਦੇਸ

ਸਮੁੰਦਰੀ ਡਾਕ ੧,੦੦੦-੦੦

ਹਵਾਈ ਡਾਕ ੨,੫੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੮ ਸਤੰਬਰ ੧੯੯੪ ਅੰਕ ੯

# ਅਸੁਨਿ ਪ੍ਰੇਮ ਉਮਾਹੜਾ

ਅਸੁਨਿ ਪ੍ਰੇਮ ਉਮਾਹੜਾ, ਕਿਉ ਮਿਲੀਐ ਹਰਿ ਜਾਇ ।।
ਮਨਿ ਤਨਿ ਪਿਆਸ ਦਰਸਨ ਘਣੀ, ਕੋਈ ਆਣਿ ਮਿਲਾਵੈ ਮਾਇ ।।
ਸੰਤ ਸਹਾਈ ਪ੍ਰੇਮ ਕੇ, ਹਉ ਤਿਨ ਕੈ ਲਾਗਾ ਪਾਇ ।।
ਵਿਣੁ ਪ੍ਰਭ ਕਿਉ ਸੁਖੁ ਪਾਈਐ, ਦੂਜੀ ਨਾਹੀ ਜਾਇ ।।
ਜਿੰਨ੍ਹੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ ।।
ਆਪੁ ਤਿਆਗਿ ਬਿਨਤੀ ਕਰਹਿ, ਲੇਹੁ ਪ੍ਰਭੂ ਲੜਿ ਲਾਇ ।।
ਜੋ ਹਰਿ ਕੰਤਿ ਮਿਲਾਈਆ, ਸਿ ਵਿਛੁੜਿ ਕਤਹਿ ਨ ਜਾਇ ।।
ਪ੍ਰਭ ਵਿਣੁ ਦੂਜਾ ਕੋ ਨਹੀ, ਨਾਨਕ ਹਰਿ ਸਰਣਾਇ ।।
ਅਸੂ ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ ।।੮।।

( ਬਾਰਹਮਾਹਾ ਮਾਝ ਮ: ੫)

**ਪਦ ਅਰਥ** :- ਅਸੁਨਿ-ਅੱਸੂ ਮਹੀਨੇ ਵਿੱਚ। ਉਮਾਹੜਾ- ਉਛਾਲਾ। ਘਣੀ-ਬਹੁਤ। ਆਣਿ-ਲਿਆ ਕੇ। ਮਾਇ- ਹੇ ਮਾਂ। ਹਉ-ਮੈਂ। ਪਾਇ- ਚਰਨੀਂ। ਜਾਇ- ਥਾਂ। ਰਸੁ- ਸੁਆਦ, ਅਨੰਦ। ਰਹੇ ਆਘਾਇ- ਰੱਜ ਗਏ। ਆਪੁ- ਆਪਾ ਭਾਵ। ਕਤਹਿ -ਕਿਸੇ ਹੋਰ ਥਾਂ । ਮਾਇਆ-ਮਿਹਰ।



www.AKJ.Org

# ਅਰਥ ਵਿਆਖਿਆ

## ਅਰਥ :

ਹੇ ਮਾਂ! ਅੱਸੂ ਮਹੀਨੇ ਦੀ ਮਿੱਠੀ ਮਿੱਠੀ ਰੁੱਤ ਵਿਚ ਮੇਰੇ ਅੰਦਰ ਪ੍ਰਭੂ ਪ੍ਰੀਤਮ ਦੇ ਪਿਆਰ ਦਾ ਉਛਾਲਾ ਆ ਰਿਹਾ ਹੈ। ਮਨ ਤੜਫਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪ੍ਰੀਤਮ ਨੂੰ ਮਿਲਾਂ। ਮੇਰੇ ਮਨ ਤੇ ਤਨ ਵਿੱਚ ਪ੍ਰਭੂ ਦੇ ਦਰਸ਼ਨ ਦੀ ਬੜੀ ਪਿਆਸ ਲਗੀ ਹੋਈ ਹੈ। ਕੋਈ ਉਸ ਪ੍ਰੀਤਮ ਨੂੰ ਲਿਆ ਕੇ ਮਿਲਾ ਦੇਵੇ।

ਇਹ ਸੁਣ ਕੇ ਕਿ ਗੁਰਮੁਖ ਪਿਆਰੇ ਸੰਤ ਜਨ ਪ੍ਰੇਮ ਵਧਾਉਣ ਵਿੱਚ ਸਹਾਇਤਾ ਕਰਿਆ ਕਰਦੇ ਹਨ, ਮੈਂ ਉਨ੍ਹਾਂ ਦੀ ਚਰਨੀ ਲਗੀ ਹਾਂ। ਹੇ ਮਾਂ! ਪ੍ਰਭੂ ਤੋਂ ਬਿਨਾਂ ਸੁਖ ਆਨੰਦ ਨਹੀਂ ਮਿਲ ਸਕਦਾ ਕਿਉਂਕਿ ਸੁਖ ਆਨੰਦ ਦੀ ਹੋਰ ਕੋਈ ਥਾਂ ਹੀ ਨਹੀ ।

ਜਿਨ੍ਹਾਂ ਨੇ ਇਕ ਵੇਰ ਪ੍ਰਭੂ -ਪਿਆਰ ਦਾ ਸੁਆਦ ਚੱਖ ਲਿਆ ਹੈ ਉਹ ਮਾਇਆ ਦੇ ਸੁਆਦਾਂ ਵਲੋਂ ਰੱਜ ਜਾਂਦੇ ਹਨ। ਆਪਾ ਭਾਵ ਛੱਡ ਕੇ ਉਹ ਸਦਾ ਬੇਨਤੀਆਂ(ਅਰਦਾਸਾਂ) ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ! ਸਾਨੂੰ ਆਪਣੇ ਲੜ ਲਾਈ ਰੱਖ।

ਜਿਸ ਜੀਵ ਇਸਤਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਵਿੱਛੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਨਕ ਮੋਹਰ ਛਾਪ ਹੇਠ ਕਹਿੰਦੇ ਹਨ ਕਿ ਅਜੇਹੀ ਇਸਤਰੀ ਨੂੰ ਯਕੀਨ ਆ ਜਾਂਦਾ ਹੈ ਕਿ ਸਦੀਵੀ ਸੁਖ ਲਈ ਪ੍ਰਭੂ ਦੀ ਸ਼ਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ। ਉਹ ਹਮੇਸ਼ਾ ਪ੍ਰਭੂ ਦੀ ਸ਼ਰਨ ਪਈ ਰਹਿੰਦੀ ਹੈ।

ਅੱਸੂ ਮਹੀਨੇ ਦੀ ਮਿੱਠੀ ਮਿੱਠੀ ਰੁੱਤ ਵਿੱਚ ਉਹ ਜੀਵ ਇਸਤਰੀਆਂ ਸੁਖ ਵਿੱਚ ਵੱਸਦੀਆਂ ਹਨ ਜਿਨ੍ਹਾਂ ਤੇ ਪ੍ਰਭੂ ਦੀ ਮਿਹਰ ਹੁੰਦੀ ਹੈ।

## ਵਿਆਖਿਆ:-

ਭਾਦਰੋਂ ਮਹੀਨੇ ਦੇ ਹੁੰਮ(ਹੁੱਸੜ) ਪਿਛੋਂ ਅੱਸੂ ਦੀ ਮਿੱਠੀ ਮਿੱਠੀ ਰੁੱਤ ਆਉਂਦੀ ਹੈ। ਗੁਰੂ ਕੇ ਸਿਖਾਂ ਦੇ ਮਨ ਤੇ ਤਨ ਅੰਦਰ ਪ੍ਰਭੂ-ਪ੍ਰੀਤਮ ਦੇ ਦਰਸ਼ਨਾਂ ਲਈ ਉਛਾਲਾ ਆਉਂਦਾ ਹੈ। ਉਹ ਗੁਰਮੁਖ ਪਿਆਰਿਆਂ ਦੇ ਚਰਨਾਂ ਤੇ ਡਿਗ ਕੇ ਤਰਲੇ ਕੱਢਦੇ ਹਨ ਕਿ ਕੋਈ ਜਨ ਉਨ੍ਹਾਂ ਨੂੰ ਪ੍ਰਭੂ ਪ੍ਰੀਤਮ ਨਾਲ ਮਿਲਾ ਦੇਵੇ। ਸ੍ਰੀ ਗੁਰੂ ਅਰਜਨ ਦੇਵ ਦੀ ਜੈਤਸਰੀ ਰਾਗ ਵਿੱਚ ਅਜੇਹੀ ਵੇਦਨ ਨੂੰ ਇਉਂ ਪ੍ਰਗਟ ਕਰਦੇ ਹਨ —

**ਕੋਈ ਜਨੁ ਹਰਿ ਸਿਉ ਦੇਵੈ ਜੋਰੁ।। ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ।। ੧ ।। ਰਹਾਉ ।।**
( ਪੰਨਾ-੭੦੧)

ਵਡਹੰਸ ਰਾਗ ਵਿੱਚ ਪੰਚਮ ਪਾਤਸ਼ਾਹ ਦਰਸ ਪਿਆਸ ਨੂੰ ਇਉਂ ਬਿਆਨ ਕਰਦੇ ਹਨ ——

**ਹਉ ਭਈ ਉਡੀਣੀ ਕੰਤ ਕਉ ਅੰਮਾਲੀ, ਸੋ ਪਿਰੁ ਕਦਿ ਨੈਣੀ ਦੇਖਾ।।**
**ਸਭਿ ਰਸ ਭੋਗਣ ਵਿਸਰੇ, ਬਿਨੁ ਪਿਰ ਕਿਤੈ ਨ ਲੇਖਾ।**
**ਇਹੁ ਕਾਪੜੁ ਤਨਿ ਨ ਸੁਖਾਵਈ , ਕਰਿ ਨ ਸਕਉ ਹਉ ਵੇਸਾ।**
**ਜਿਨੀ ਸਖੀ, ਲਾਲੁ ਰਾਵਿਆ ਪਿਆਰਾ, ਤਿਨ ਆਗੈ ਹਮ ਆਦੇਸਾ।।੩।।** (ਪੰਨਾ੫੬੪)

ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਸਖੀ! ਮੈਂ ਪ੍ਰਭੂ ਪਤੀ ਨੂੰ ਮਿਲਣ ਵਾਸਤੇ ਉਤਾਵਲੀ ਹੋ ਰਹੀ ਹਾਂ। ਮੈਂ ਉਸ ਪਤੀ ਨੂੰ ਕਦੋਂ ਆਪਣੀਆਂ ਅੱਖਾਂ ਨਾਲ ਦੇਖਾਂਗੀ? ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾਂ ਮੈਨੂੰ ਸਾਰੇ ਪਦਾਰਥਾਂ ਦੇ ਭੋਗ ਭੁੱਲ



www.AKJ.Org

ਚੁੱਕੇ ਹਨ। ਇਹ ਪਦਾਰਥ ਪ੍ਰਭੂ ਪਤੀ ਤੋਂ ਬਿਨਾਂ ਮੇਰੇ ਕਿਸੇ ਕੰਮ ਨਹੀਂ । ਹੇ ਸਹੇਲੀ ! ਮੈਨੂੰ ਤਾਂ ਆਪਣੇ ਸਰੀਰ ਉਤੇ ਇਹ ਕੱਪੜਾ ਵੀ ਨਹੀਂ ਸੁਖਾਦਾਂ, ਤਾਹੀਏਂ ਮੈਂ ਕੋਈ ਪਹਿਰਾਵਾ ਨਹੀਂ ਕਰ ਸਕਦੀ। ਜਿਨ੍ਹਾਂ ਸਹੇਲੀਆਂ ਨੇ ਪਿਆਰੇ ਲਾਲ (ਪ੍ਰਭੂ ਪਤੀ) ਨੂੰ ਪ੍ਰਸੰਨ ਕਰ ਲਿਆ ਹੈ, ਮੈਂ ਉਨ੍ਹਾਂ ਅੱਗੇ ਅਰਜੋਈ ਕਰਦੀ ਹਾਂ ਕਿ ਉਹ ਮੈਨੂੰ ਭੀ ਉਸ ਦੇ ਚਰਨਾਂ ਨਾਲ ਜੋੜ ਦੇਣ।

ਪ੍ਰਭੂ ਪ੍ਰੀਤਮ ਨੂੰ ਮਿਲਣ ਦਾ ਸਹੀ ਰਾਹ ਇਹੋ ਹੈ ਕਿ ਹਉਮੈਂ ਨੂੰ ਛੱਡ ਕੇ, ਆਪਣਾ ਮਨ ਸਤਿਗੁਰੂ ਦੇ ਹਵਾਲੇ ਕਰ ਦਿਤਾ ਜਾਏ ਭਾਵ ਮਨ ਦੀ ਮਤ ਤਿਆਗ ਦਿਤੀ ਜਾਵੇ ਅਤੇ ਉਸ ਦੇ ਦੱਸੇ ਮਾਰਗ ਤੇ ਚੱਲਿਆ ਜਾਵੇ——

**ਮਨੁ ਅਰਪਿਹੁ, ਹਉਮੈ ਤਜਹੁ, ਇਤੁ ਪੰਥਿ ਜੁਲਾਈਆ। । (ਪੰਨਾ ੧੦੯੮)**

ਸਤਿਗੁਰੂ ਦੀ ਚਰਨ ਸ਼ਰਨ ਆਉਣ ਨਾਲ ਸਤਿਗੁਰੂ ਕੋਲੋਂ ਨਾਮ ਦਾਨ ਮਿਲਦਾ ਹੈ। ਲਗਾਤਾਰ ਨਾਮ ਜਪਣ ਸਦਕਾ, ਗੁਰ ਦਰਸਾਈ ਰਹਿਤ ਵਿੱਚ ਰਹਿੰਦਿਆਂ, ਪ੍ਰਭੂ ਦੇ ਘਰ ਦਾ ਬੂਹਾ( ਸੋ-ਦਰੁ) ਖੁੱਲ੍ਹ ਜਾਂਦਾ ਹੈ, ਦ੍ਰਸ਼ਨ ਦੀਦਾਰੇ ਹੋ ਜਾਂਦੇ ਹਨ ਅਤੇ ਸਾਰੀਆਂ ਇੱਛਾਂ ਪੂਰੀਆਂ ਹੋ ਜਾਂਦੀਆਂ ਹਨ——

**ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ।। (ਪੰਨਾ ੧੦੯੭)**

ਇਹ ਸੁਭਾਗ ਘੜੀ ਉਨ੍ਹਾਂ ਗੁਰਮੁਖ ਸਖੀਆਂ ਨੂੰ ਹੀ ਨਸੀਬ ਹੁੰਦੀ ਹੈ ਜਿੰਨ੍ਹਾਂ ਤੇ ਪ੍ਰਭੂ ਪ੍ਰੀਤਮ ਦੀ ਮਿਹਰ ਹੁੰਦੀ ਹੈ—

**ਅਸੂ ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ।**

---

(ਪੰਨਾ ੧੩ ਦਾ ਬਾਕੀ)

## ਗੁਰਬਾਣੀ ਦਾ ਸ਼ੁੱਧ ਪਾਠ ਸਿੱਖਿਆ ਜਾਵੇ-

ਸ਼ੁੱਧ ਪਾਠ ਕਰਨਾ ਪਹਿਲੀ ਪਉੜੀ ਹੈ । ਸ਼ੁੱਧ ਪਾਠ ਕਰਨ ਨਾਲ ਅਰਥਾਂ ਦੀ ਸੋਝੀ ਆਉਂਦੀ ਹੈ । ਗੁਰਬਾਣੀ ਦੇ ਅਰਥਾਂ ਨੂੰ ਸਮਝਣ ਨਾਲ ਗੁਰਬਾਣੀ ਵਿਚ ਮਨ ਵਧੇਰੇ ਜੁੜਦਾ ਹੈ ਤੇ ਲਾਭ ਵੀ ਵਧੇਰੇ ਹੁੰਦਾ ਹੈ । ਤੀਸਰੇ ਨੰਬਰ ਤੇ ਹੈ ਗੁਰਬਾਣੀ ਦੇ ਉਪਦੇਸ਼ਾਂ ਦੀ ਵੀਚਾਰ ਕਰ ਕੇ ਉਹਨਾਂ ਨੂੰ ਅਮਲ ਵਿਚ ਲਿਆਉਣਾ ਭਾਵ ਬਾਣੀ ਦੀ ਕਮਾਈ ਕਰਨੀ । ਜੇ ਨਿਰਾ ਪਾਠ ਹੀ ਕੀਤਾ ਜਾਵੇ, ਅਰਥ ਬੋਧ ਨਾਂ ਹੋਵੇ, ਉਪਦੇਸ਼ਾਂ ਨੂੰ ਜੀਵਨ ਵਿਚ ਨਾ ਵਸਾਇਆ ਜਾਏ ਤਾਂ ਨਿਰਾ ਪਾਠ ਫੋਕਟ ਕਰਮ ਕਾਂਡ ਬਣ ਜਾਂਦਾ ਹੈ । ਇਹੀ ਕਾਰਨ ਹੈ ਕਿ ਸਾਡੇ ਅਖੰਡ ਪਾਠ ਰਸਮੀ ਜਿਹੇ ਬਣ ਕੇ ਰਹਿ ਗਏ ਹਨ । ਭਾਈ ਗੁਰਦਾਸ ਜੀ ਇਸ ਵੀਚਾਰ ਨੂੰ ਆਪਣੇ ਕਬਿੱਤ ਵਿਚ ਇਉਂ ਸਪਸ਼ਟ ਕਰਦੇ ਹਨ —

**ਖਾਂਡ ਖਾਂਡ ਕਹੇ ਜਿਹਬਾ ਨ ਸੁਆਦਿ ਮੀਠ ਆਵੈ, ਅਗਨਿ ਅਗਨਿ ਕਹੇ, ਸੀਤ ਨ ਬਿਨਾਸ ਹੈ ।**
**ਬੈਦ ਬੈਦ ਕਹੇ, ਰੋਗ ਮਿਟਤ ਨ ਕਾਹੂ ਕੋ, ਦਰਬ ਦਰਬ ਕਹੇ, ਕੋਊ ਦਰਬੇ ਨ ਬਿਲਾਸ ਹੈ ।**
**ਚੰਦਨ ਚੰਦਨ ਕਹਿਤ, ਪ੍ਰਗਟੇ ਨ ਸੁਬਾਸ ਬਾਸ, ਚੰਦ ਚੰਦ ਕਹੇ, ਉਜੀਆਰੋ ਨ ਪ੍ਰਕਾਸ਼ ਹੈ ।**
**ਤੈਸੇ ਗਿਆਨ ਗੋਸਟ, ਕਹਿਤ ਨ ਰਹਿਤ ਪਾਵੈ, ਕਰਨੀ ਪ੍ਰਧਾਨ, ਭਾਨ ਉਦਤ ਅਕਾਸ ਹੈ ।**

ਗੁਰਬਾਣੀ ਨੂੰ ਸ਼ੁਧ ਪੜ੍ਹਨ, ਅਰਥਾਂ ਤੋਂ ਜਾਣੂ ਹੋਣ ਤੇ ਵੀਚਾਰਾਂ ਨੂੰ ਅਮਲ ਵਿਚ ਲਿਆਉਣ ਲਈ ਕਠਨ ਸਾਧਨਾ ਦੀ ਲੋੜ ਹੈ । ਜੇਕਰ ਸਤਿਕਾਰ ਨਾਲ, ਪਿਆਰ ਨਾਲ ਸ਼ਰਧਾ ਨਾਲ ਗੁਰਬਾਣੀ ਦਾ ਪਾਠ ਗਾ ਕੇ, ਰਸ ਲੈ ਕੇ ਕੀਤਾ ਜਾਏ ਤਾਂ ਅਰਥਾਂ ਦਾ ਕਾਫੀ ਬੋਧ ਹੋ ਜਾਣਾ ਕੁਦਰਤੀ ਗੱਲ ਹੈ । ਗੁਰੂ ਗਰੰਥ ਸਾਹਿਬ ਜੀ ਦੇ ਸਿੱਖ ਹੋਣ ਨਾਤੇ ਆਉ, ਅਸੀਂ ਪ੍ਰਣ ਕਰੀਏ ਕਿ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਗੁਰਬਾਣੀ ਪੜ੍ਹਣ, ਸੁਨਣ ਵੱਲ ਪ੍ਰੇਰਿਤ ਕਰਾਂਗੇ, ਗੁਰਬਾਣੀ ਦੇ ਅਰਥਾਂ ਨੂੰ ਸਮਝਾਂਗੇ ਤੇ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਾਂਗੇ ।

( ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ )



www.AKJ.Org

Sept Aug-06

# ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਸਤਿਗੁਰੂ ਵਿਚ ਸ਼ਬਦ ਦੀ ਦਾਤਿ ਧੁਰੋਂ ਆਈ ਦਾਤਿ ਹੈ । ਵਾਸਤਵ ਵਿਚ ਸਤਿਗੁਰੂ ਦੀ ਪਦਵੀ ਧੁਰੋਂ ਆਈ ਹੈ ਅਤੇ ਸਤਿਗੁਰ ਵਿਚ ਵਰਤ ਰਹੇ ਸ਼ਬਦ ਨੂੰ ਹੀ ਪ੍ਰਾਪਤ ਹੈ । ਸਤਿਗੁਰੂ ਨੂੰ ਗੁਰੂ ਪਦ ਦੀ ਗਹਿਰ-ਗੰਭੀਰਤਾ ਦੀ ਪ੍ਰਾਪਤੀ ਸ਼ਬਦ ਗੁਰੂ ਦੀ ਜੋਤਿ ਦੇ ਪ੍ਰਤਾਪ ਕਰਕੇ ਹੀ ਹੈ । ਸੋ ਸੱਚਾ ਗੁਰ-ਪੀਰ ਜਗਤ ਦਾ ਇਹ ਧੁਰੋਂ ਆਇਆ ਸ਼ਬਦ ਹੀ ਹੈ ਅਤੇ ਇਸ ਸ਼ਬਦ ਦੀ ਦਾਤਿ ਮਿਲੇ ਬਾਝੋਂ ਜਗ ਬਉਰਾਇਆ ਹੋਇਆ ਹੀ ਹੈ । ਜੈਸਾ ਕਿ ਸ਼ਬਦ ਦੇ ਸੋਮੇ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਾਰਾ ਜਗ ਬਉਰਾਇਆ ਹੋਇਆ ਹੀ ਸੀ ਅਤੇ ਹੁਣ ਭੀ ਸ਼ਬਦ ਪੁੰਜ-ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰੇ ਬਾਝੋਂ ਸਾਰਾ ਜਗੁ ਬਉਰਾਇਆ ਬਰਲਿਆ ਹੋਇਆ ਹੀ ਫਿਰਦਾ ਹੈ । ਯਥਾ ਗੁਰਵਾਕ —

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ।।**
**ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ।। ੮।। ੧।।** (ਸੋਰਠਿ ਮ: ੧ ਅਸਟ:, ਪੰਨਾ-੬੩੫)

ਜੋ ਭੀ ਸ਼ਰਧਾਲੂ ਜਗਿਆਸੂ ਸੱਚਾ ਖੋਜੀ ਬੈਰਾਗੀ ਹੈ, ਤਿਸ ਸਹਿਜ ਸੁਭਾਗੀ ਪੁਰਸ਼ ਦਾ ਸ਼ਬਦ-ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ (ਸਬਦੁ ਗੁਰ ਪੀਰਾ ਗਹਿਰ ਗੰਭੀਰਾ ਨੂੰ) ਗੁਰੂ ਨਾਨਕ ਦਸ਼ਮੇਸ਼ ਦਾ ਸੱਚਾ ਸਰੂਪ ਮੰਨਣ ਲਈ ਮਨ ਮੰਨਿਆ ਹੈ । ਤਾਂ ਤੇ ਗੁਰੂ ਰੂਪ ਗਹਿਰ ਗੰਭੀਰ ਸਬਦੁ ਜਿਸ ਜਾਮੇ ਅੰਦਰਿ ਸੋਲ੍ਹਾਂ ਕਲਾਂ ਸੰਪੂਰਨ ਜੋਤੰਬਰ ਹੈ, ਸੋਈ ਜਾਮਾ ਸਚੇ ਸਤਿਗੁਰੂ ਦੇ ਨਾਮ ਨਾਲ ਸਸ਼ੋਭਤ ਹੈ ।

## ਅੰਮ੍ਰਿਤ-ਬਾਣੀ ਦੇ ਸਰ-ਚਸ਼ਮੇ ਜੁਗੋ ਜੁਗ ਅੱਟਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ--

ਅੰਮ੍ਰਿਤ ਬਾਣੀ ਦੇ ਸਰਸ਼ਾਰ ਸਰੋਵਰ, ਅੰਮ੍ਰਿਤ ਬਾਣੀ ਦੇ ਭੰਡਾਰ ਸਰ-ਚਸ਼ਮੇ ਤੇ ਜੁਗੋ ਜੁਗ ਆਦਿ ਅੰਤ ਏਕੋ ਗੁਰੂ ਅਵਤਾਰ ਹੁਣ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਕਿ ਹੁਕਮ ਅਕਾਲ਼ ਦੁਆਰਾ ਸ੍ਰੀ ਕਲਗੀਧਰ ਦਸ਼ਮੇਸ਼ ਗੁਰੂ ਜੀ ਨੇ ਅਸਥਾਪਨ ਕੀਤਾ ਹੈ ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸੈਂਕੜੇ ਹਜ਼ਾਰਾਂ ਗੁਰਸਿੱਖ ਸੰਤ-ਚਕੋਰਾਂ ਦੀ ਜਲਨ ਬੁਝਦੀ ਹੈ ਅਤੇ ਮਨ ਸੀਤਲ ਹੁੰਦੇ ਹਨ, ਜਿਨ੍ਹਾਂ ਦੀ ਅੰਮ੍ਰਿਤ ਬਾਣੀ ਸੁਣ ਸੁਣ ਕੇ ਹੀ ਸ੍ਰੋਤੇ ਜਨਾਂ ਦੀ ਪਰਮ ਗਤਿ ਹੁੰਦੀ ਹੈ । ਯਥਾ ਗੁਰਵਾਕ :-

**ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ।। ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ।।**
**ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ।। ੧।। (੪।। ੨੩।। ੩੦।।)**

(ਮਾਝ ਮ: ੫, ਪੰਨਾ-੧੦੩)

ਕੀ ਇਹਨਾਂ ਆਪੋਂ ਬਣ ਬੈਠੇ ਦੇਹਧਾਰੀ ਗੁਰੂਆਂ ਨੂੰ ਅਪਿਉ ਨਿਝਰ ਝਰਨਿਆਂ ਦੇ ਝਰਨ ਵਾਲੀ ਅੰਮ੍ਰਿਤ ਬਾਣੀ ਦੇ ਉਚਾਰਨ ਦੀ ਸਮਰੱਥਾ ਹੈ ?

ਇਹ ਸਤਿਗੁਰੂ ਦੀ ਅਮਰ ਕਲਾ ਵਾਲੀ ਅੰਮ੍ਰਿਤ ਸਾਰਖੀ ਮੀਠੀ ਬਾਣੀ ਨੂੰ ਹੀ ਤੌਫ਼ੀਕਾਂ ਹਨ ਕਿ ਜਿਸ ਦੇ ਚੱਖਣ ਚੁੰਚਣ ਨਾਲ ਬਾਣੀ ਦੇ ਰਸੀਏ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਰਸ ਜੋਤਿ ਪਰਗਾਸ ਹੋਇਆ ਹੁੰਦਾ ਹੈ ਅਤੇ ਨਾਮ ਮਹਾਂ ਰਸ ਦੇ ਅਮਿਉ ਗਟਾਕ ਗਟਕੀਂਵਦੇ ਹਨ ਅਤੇ ਇਸੇ ਦੀ ਬਰਕਤ ਨਾਮ ਅਮਿਉ ਗਟਾਕ ਗਟਕੀਵੇ ਗੁਰਮੁਖ ਦਸਮ ਦੁਆਰ ਚਲੇ ਜਾਂਦੇ ਹਨ, ਜਿਸ ਦਰ ਸੱਚੇ ਵਿਖੇ ਦਿਨ ਰਾਤ ਅਨਹਦ ਸ਼ਬਦ ਵਜਣ ਲਗ ਪੈਂਦੇ ਹਨ, ਐਸੀ



www.AKJ.Org

**ਅੰਮ੍ਰਿਤ ਬਾਣੀ ਦਾ ਬੋਹਿਥ ਅੰਮ੍ਰਿਤਸਰ ਸਾਚਾ, ਸਤਿਗੁਰੂ ਸੱਚਾ ਗੁਰਦੇਵ ਗੁਰੂ ਗ੍ਰੰਥ ਸਾਹਿਬ ਹੀ ਹੈ । ਜੋ ਜਨ ਭੀ ਇਸ ਅੰਮ੍ਰਿਤ-ਸਰੋਵਰ ਅੰਦਰ ਡੁਬਕੀਆਂ ਲਾਉਂਦਾ ਹੈ, ਉਸਦੇ ਮਨ ਦੀ ਮੈਲ ਉਤਰ ਜਾਂਦੀ ਹੈ । ਐਸੀ ਅੰਮ੍ਰਿਤ ਬਾਣੀ ਦਾ ਸਰੋਵਰ ਬੋਹਿਥ, ਸਰ-ਚਸ਼ਮਾ ਇਸ ਸਮੇਂ ਅੰਦਰ ਬੱਸ ਇਕੋ ਸਤਿਗੁਰੂ ਹੀ ਹੈ, ਜੋ ਅਭਿਆਸ ਕਮਾਈ ਕਰਨ ਜੋਗ ਇਕੋ ਸ਼ਬਦ ਦੀ ਸਿਮਰਨ-ਦਾਤਿ ਦਾ ਦਾਤਾਰ ਹੈ ।**

ਅੰਮ੍ਰਿਤ ਦੀ ਰਸਾਇਣ ਸ਼ਕਤੀ ਵਾਲੀ ਬਸ ਇਕੋ ਹੀ ਬਾਣੀ ਗੁਰਬਾਣੀ ਹੈ । ਇਸ ਗੁਰੂ ਰੂਪ ਬਾਣੀ ਨੂੰ, ਇਸ ਗੁਰੂ ਰੂਪ ਅੰਮ੍ਰਿਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਸਤਿਗੁਰੂ ਪਦ ਪ੍ਰਾਪਤ ਹੈ । ਗੁਰਵਾਕ —

**ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥**
**ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥**
**ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥ ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥**
**੨॥੧੦॥** ਮ: ੩, ਵਾਰ ਸੋਰਠਿ ਮ: ੪, ਪੰਨਾ-੬੪੬

# ਕਾਚੇ ਗੁਰ ਤੇ ਮੁਕਤਿ ਨ ਹੂਆ

'ਏਕ ਜੋਤਿ ਦੁਇ ਮੂਰਤੀ" ਵਾਲਾ ਸ਼ਬਦ-ਮਿਲਾਵਾ ਕਰਾਵਣਹਾਰ ਸਤਿਗੁਰੂ ਰੂਪ ਸੱਚੇ ਅੰਮ੍ਰਿਤ ਕੁੰਡ ਨੂੰ ਛੱਡ ਕੇ ਜੋ ਬਿਖਲੀਪਤ ਬੁੱਧੀ ਵਾਲੇ ਅਲਪੱਗ ਗੁਰੂਆਂ ਦੇ ਪਿਛੇ ਮਾਇਆਵੀ ਮਨੋਰਥ-ਮਈ ਬਿਖ ਬਿਹਾਜਣ ਖਾਤਰ ਲੋਭ-ਲਲਚਾਏ ਭੱਜੇ ਫਿਰਦੇ ਹਨ ਅਤੇ ਗੁਰੂ ਘਰ ਤੋਂ ਬੇਮੁਖ ਹੋ ਕੇ, ਸੱਚੇ ਸਤਿਗੁਰੂ ਦੀ ਚਾਕਰੀ ਨੂੰ ਤਿਲਾਂਜਲੀ ਦੇ ਕੇ ਡਿੰਭੀ ਗੁਰੂਆਂ ਦੀ ਵਿਡਾਣੀ ਚਾਕਰੀ ਸਹੇੜਦੇ ਫਿਰਦੇ ਹਨ, ਉਹ ਗੁਰਮਤਿ ਮਤਿ ਅੱਚਲ ਉਤੇ ਸ਼ਰਧਾ, ਭਰੋਸਾ ਰਖਣ ਵਾਲਾ ਆਪਣਾ ਧਰਮ ਭੀ ਗਵਾ ਬੈਠਦੇ ਹਨ ਅਤੇ ਧਰਮ ਗਵਾ ਕੇ ਸੱਚੀ ਸੂਝ ਬੂਝ ਤੋਂ ਵੀ ਵਾਂਝੇ ਰਹਿ ਜਾਂਦੇ ਹਨ । ਦਿਨ ਰਾਤ ਉਹਨਾਂ ਦੀ ਦੁਖਾਂ ਵਿਚ ਹੀ ਵਿਹਾਂਦੀ ਹੈ, ਉਹਨਾਂ ਨੂੰ ਅਲਪੱਗ ਗੁਰੂਆਂ ਦੀ ਸਹੇੜ ਨਾਲ ਸਿਮਰਨ ਦੀ ਸੱਚੀ ਦਾਤਿ ਹੀ ਪੱਲੇ ਨਹੀਂ ਪੈਂਦੀ । ਉਹ ਨਾ ਇਤ ਕੇ ਨਾ ਉਤ ਕੇ, ਗੁਰੂ ਸੱਚੇ ਸਤਿਗੁਰੂ ਤੋਂ ਬੇਮੁਖ ਹੋ ਕੇ ਉਹ ਦੀਨ ਦੁਨੀ ਦੋਨੋਂ ਹੀ ਗਵਾ ਬੈਠਦੇ ਹਨ ਅਤੇ ਲਾਜ-ਲੋਣ ਹੋ ਕੇ ਬਿਨ ਪਾਣੀ ਹੀ ਡੁਬ ਮਰਦੇ ਹਨ । ਸੱਚੇ ਸਤਿਗੁਰੂ ਤੋਂ ਪ੍ਰਾਪਤ ਕੀਤਾ ਗੁਰ-ਸ਼ਬਦ ਗੁਰਮੰਤਰ ਨਾਮ ਹੀ ਜਗਿਆਸੂ ਸਿੱਖ ਦੇ ਘਟ ਅੰਤਰ ਵਸ ਕੇ ਧੱਸ ਸਕਦਾ ਹੈ, ਫਿਰ ਵਿਸਰਦਾ ਕਦੇ ਨਹੀਂ । ਇਸ ਬਿਧ ਸਤਿਗੁਰੂ ਦੀ ਸ਼ਰਨੀ ਆਇਆਂ ਨਾਮ ਦੀ ਪਾਰਸ-ਕਮਾਈ ਦੇ ਤੁਫੈਲ ਪਰੀਪੂਰਨ ਪ੍ਰਮਾਤਮਾ ਦੀ ਸਦਾ ਹਜ਼ੂਰੀ ਵਾਲੀ ਸ਼ਰਨ ਪ੍ਰਾਪਤ ਕਰ ਕੇ ਭੀ ਉਹ ਵਡਭਾਗਾ ਜਨ ਸਦਾ ਸਿਮਰਨ ਭਜਨ ਵਿਚ ਹੀ ਨਿਮਗਨ ਰਹਿੰਦਾ ਹੈ । ਬਸ ਸੱਚੇ ਸਤਿਗੁਰੂ ਦੀ ਕੀਤੀ ਸੇਵਾ-ਭਗਤੀ ਹੀ ਸਦਾ ਸੁਖਦਾਇਕ ਹੈ ਅਤੇ ਜੋਤੀ ਜੋਤਿ ਮਿਲਾਵਣਹਾਰੀ ਹੈ । ਯਥਾ ਗੁਰਵਾਕ :-

**ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥ ਆਪਣਾ ਧਰਮੁ ਗਵਾਵਹਿ ਬੂਝਹਿ**
**ਨਾਹੀ ਅਨਦਿਨੁ ਦੁਖਿ ਵਿਹਾਣੀ ॥ ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥**
**ਮਨ ਰੇ ਸਦਾ ਭਜਹੁ ਹਰਿ ਸਰਣਾਈ ॥**
**ਗੁਰ ਕਾ ਸ਼ਬਦੁ ਮੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥(੪॥੧੨॥੪੫)**

(ਸਿਰੀ ਰਾਗ ਮ: ੩, ਪੰਨਾ-੩੧)

ਜਿਸ ਗੋਬਿੰਦ ਗੁਣੀ ਨਿਧਾਨ ਦਾ ਅੰਤ ਨਹੀਂ ਪਾਇਆ ਜਾਂਦਾ ਉਹ 'ਅਬੇ ਤਬੇ ਕੀ ਚਾਕਰੀ' ਤੋਂ ਅਤੇ ਕਥਨੀ ਬਦਨੀ ਦੁਆਰਾ ਖ਼ੁਦ ਸਾਖਤਾ ਗੁਰੂਆਂ ਦੀ ਸਿਖਸ਼ਾ ਤੋਂ ਕਦੇ ਪਾਇਆ ਜਾ ਸਕਦਾ ਹੈ ? ਐਵੇਂ ਡਿੰਭੀ ਗੁਰੂਆਂ ਦੇ ਚੇਲੇ ਅਤੇ ਅਲਪੱਗ ਸਿਮਰਨ-ਦਾਤਿਆਂ ਦੇ ਦੀਖਸ਼ਕ ਕਥਨੀ ਬਦਨੀ ਕਰਦੇ ਫਿਰਦੇ ਹਨ ਕਿ ਦੇਹਧਾਰੀ ਗੁਰੂ ਧਾਰਨ ਕਰੋ, ਅਸੀਂ ਪ੍ਰਮਾਤਮਾ ਨੂੰ ਪਾ ਲਿਆ ਹੈ । ਉਹ ਆਪਣੀ ਹਉਮੈ ਦਾ ਰੋਗ ਹੀ ਵਧਾਉਂਦੇ ਹਨ ।



www.AKJ.Org

# ਸਤਿਗੁਰੂ ਦੀ ਸੱਚੀ ਸੁੱਚੀ ਪਛਾਣ

ਸਤਿਗੁਰੂ ਦੀ ਸੱਚੀ ਸੁੱਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿਗੁਣ ਰਵੀਦੇ ਹਨ, ਹਰਿਗੁਣ ਧਾਰੀਦੇ ਸੰਵਾਰੀਦੇ ਹਨ । **ਜਿਸ ਨੂੰ ਭੇਟਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਉਣੀ ਪਾਰਸ ਪਰਸੀਦਾ ਹੈ, ਸੋਈ ਸਜਣ ਸੱਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ ।** ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੋਗੇ ਤਦੋਂ ਹੀ ਇਸ ਦੁਆਰਿਓ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ ।

ਸਤਿਗੁਰੂ, ਮੇਰੇ ਸਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ । ਸੱਚੇ ਗੁਰੂ ਦੇ ਬਚਨ ਦੀ ਵਡਿਆਈ ਫੇਰ ਇਸ ਬਿਧ ਗੁਰਬਾਣੀ ਅੰਦਰ ਗਾਈ ਗਈ ਹੈ । ਯਥਾ ਗੁਰਵਾਕ :-

**ਗੁਰ ਕੇ ਬਚਨਿ ਮੋਹਿ ਪਰਮ ਗਤਿ ਪਾਈ ।। ਗੁਰਿ ਪੂਰੈ ਮੇਰੀ ਪੈਜ ਰਖਾਈ ।।੧।।**
**ਗੁਰ ਕੇ ਬਚਨਿ ਧਿਆਇਓ ਮੋਹਿ ਨਾਉ ।। ਗੁਰ ਪਰਸਾਦਿ ਮੋਹਿ ਮਿਲਿਆ ਥਾਉ ।।੧।। ਰਹਾਉ ।।**
**ਗੁਰ ਕੇ ਬਚਨਿ ਸੁਣਿ ਰਸਨ ਵਖਾਣੀ ।। ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ।।੨।।**
**ਗੁਰ ਕੇ ਬਚਨਿ ਮਿਟਿਆ ਮੇਰਾ ਆਪੁ ।। ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ।।੩।।**
**ਗੁਰ ਕੇ ਬਚਨਿ ਮਿਟਿਆ ਮੇਰਾ ਭਰਮੁ ।। ਗੁਰ ਕੇ ਬਚਨਿ ਪੇਖਿਓ ਸਭੁ ਬ੍ਰਹਮੁ ।।੪।।**
**ਗੁਰ ਕੇ ਬਚਨਿ ਕੀਨੋ ਰਾਜੁ ਜੋਗੁ ।। ਗੁਰ ਕੈ ਸੰਗਿ ਤਰਿਆ ਸਭੁ ਲੋਗੁ ।।੫।।**
**ਗੁਰ ਕੇ ਬਚਨਿ ਮੇਰੇ ਕਾਰਜ ਸਿਧਿ ।। ਗੁਰ ਕੇ ਬਚਨਿ ਪਾਇਆ ਨਾਉ ਨਿਧਿ ।।੬।।**
**ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ।। ਤਿਸ ਕੀ ਕਟੀਐ ਜਮ ਕੀ ਫਾਸਾ ।।੭।।**
**ਗੁਰ ਕੇ ਬਚਨਿ ਜਾਗਿਆ ਮੇਰਾ ਕਰਮੁ ।। ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ।।੮।।੮।।**

(ਗਉੜੀ ਮ: ੫, ਪੰਨਾ-੨੩੯)

ਇਸ ਗੁਰਵਾਕ ਦੀ ਪਿਛਲੀ ਤੁਕ ਪਹਿਲਾਂ ਲਵੋ । ਪੰਚਮ ਸਤਿਗੁਰੂ ਨਾਨਕ ਸਾਹਿਬ ਨੇ ਗੁਰੂ ਦਾ ਦਰਜਾ ਪਾਰਬ੍ਰਹਮ ਸਦਗਸ਼ ਰੱਖਿਆ । **ਕੀ ਜਣਾ ਖਣਾ ਆਪੋਂ ਬਣ ਬੈਠਾ ਗੁਰੂ ਯਾ ਗੁਰੂ-ਡੰਮੀਆਂ ਦਾ ਖੁਦਸਾਖਤਾ ਗੁਰੂ ਏਸ ਦਰਜੇ ਨੂੰ ਪਹੁੰਚ ਸਕਦਾ ਹੈ?** ਹਰਗਿਜ਼ ਨਹੀਂ । ਸੋਈ ਪਹੁੰਚੇ, ਜਿਸ ਨੂੰ ਆਪ ਸਤਿਗੁਰੂ ਟਿਕੇ ਯਾ ਆਪ ਅਕਾਲ ਪੁਰਖ ਥਾਪੇ । ਐਸੇ ਪਾਰਬ੍ਰਹਮ ਸੇਤੀ ਇਕ-ਮਿਕ ਹੋਏ ਗੁਰੂ ਕੇ ਬਚਨ ਦੀ ਮਹਿਮਾ ਉਪਰਲੇ ਗੁਰਵਾਕ ਅੰਦਰ ਵਰਣਨ ਹੈ । ਗੁਰ ਕਾ ਬਚਨ, ਗੁਰਬਚਨ ਪਾਲਣਹਾਰਿਆਂ ਦੀ ਪੂਰਨ ਪੈਜ ਰਖਾਵਣਹਾਰ ਹੈ । ਗੁਰ ਕੇ ਬਚਨ ਦੀ ਬਰਕਤ ਨਾਲ ਹੀ ਨਾਮ ਧਿਆਇਆ ਜਾ ਸਕਦਾ ਹੈ । ਨਹੀਂ ਤਾਂ ਨਾਮ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ। ਗੁਰੂ ਦੇ ਪਰਸਾਦ ਕਰਕੇ ਹੀ ਗੁਰੂ ਕੇ ਬਚਨ ਵਿਖੇ ਦ੍ਰਿੜ੍ਹਤਾ ਮਈ ਇਸਥਿਤੀ ਹੁੰਦੀ ਹੈ । ਗੁਰ ਕੇ ਬਚਨ ਨੂੰ ਸੁਣ ਕੇ ਹੀ ਸਤਿਗੁਰੂ ਦੀ ਦਿਤੀ ਸਿਮਰਨ-ਦਾਤਿ ਨੂੰ ਰਸਨਾ, ਰਟਨ ਅਭਿਆਸ ਦੀ ਵਿਖਿਆਤ ਕਮਾਈ ਕਰ ਸਕਦੀ ਹੈ । ਗੁਰ ਬਚਨ ਦੀਆਂ ਕਮਾਈਆਂ ਕਰ ਕਰ ਕੇ ਹੀ ਗੁਰੂ ਦੀ ਐਸੀ ਕਿਰਪਾ ਹੋਇ ਆਉਂਦੀ ਹੈ ਕਿ ਸਿਲ ਅਲੂਣੀ ਚਾਟ ਵਾਲਾ ਨਾਮ, ਅੰਮ੍ਰਿਤ ਰਸ ਰਸੰਨਾ ਹੋਇ ਵਿਗਸਦਾ ਹੈ । ਗੁਰੂ ਦੇ ਬਚਨ ਦੇ ਪਰਤਾਪ ਕਰਕੇ ਹੀ ਪ੍ਰਾਣੀਆਂ ਦਾ ਆਪਾ ਭਾਵ ਵਾਲਾ ਹਉਮੈ ਰੋਗ ਚੁਕਿਆ ਜਾਂਦਾ ਹੈ ।

ਗੁਰੂ ਦੇ ਬਚਨ ਦੇ ਬਲ ਨਾਲ ਰਾਜ ਜੋਗ ਮਾਨਣ ਦੀ ਸਮਰੱਥਾ ਬਣ ਆਉਂਦੀ ਹੈ । ਗੁਰੂ ਦੀ ਸੰਗਤ ਕਰਕੇ ਹੀ ਸਾਰੀ ਲੁਕਾਈ ਦਾ ਨਿਸਤਾਰਾ ਹੁੰਦਾ ਹੈ । ਗੁਰੂ ਦੇ ਬਚਨ ਨਾਲ ਗੁਰਬਚਨ ਕਮਾਵਣਹਾਰੇ ਦੇ ਸਾਰੇ ਕਾਰਜ ਸਿਧ ਹੁੰਦੇ ਹਨ । ਗੁਰੂ ਕੇ ਬਚਨ ਦੇ ਪ੍ਰਸਾਦ ਕਰਿ ਹੀ ਨਾਮ ਰੂਪੀ ਨਿਧੀ ਹਾਸਲ ਹੁੰਦੀ ਹੈ । ਜਿਸ ਕਿਸੇ ਨੇ ਭੀ ਮਨ ਬਚ



www.AKJ.Org

ਕਰਕੇ ਸੱਚੇ ਸਤਿਗੁਰੂ ਉਤੇ ਆਸਾ ਭਰੋਸਾ ਭਾਵਨੀ ਸ਼ਰਧਾ ਰਖੀ ਹੈ ਤਿਸ ਤਿਸ ਦੀ ਜਮ ਦੀ ਫਾਸ ਕੱਟੀ ਗਈ ਹੈ । ਗੁਰੂ ਕੇ ਬਚਨ ਦੇ ਬਲ ਨਾਲ ਹੀ ਗੁਰਬਚਨ ਕਮਾਵਣਹਾਰੇ ਦਾ ਪੂਰਬਲਾ ਕਰਮ ਜਾਗ ਪੈਂਦਾ ਹੈ ਅਤੇ ਓਹ ਪਾਰਬ੍ਰਹਮ ਨੂੰ ਭੇਟਣਹਾਰਾ ਸਚਿਆਰ ਗੁਰਸਿਖ ਬਣ ਜਾਂਦਾ ਹੈ । ਇਹ ਸਭ ਵਡਿਆਈ ਸਤਿਗੁਰੂ ਦਾਤਾਰ ਦੀ ਦਿਤੀ ਸਿਮਰਨ-ਦਾਤਿ-ਕਲਾ ਨੂੰ ਹੈ । **ਸਿਮਰਨ ਦਾਤਿ ਦੀ ਕਲਾ ਕੇਵਲ ਕਲਾਧਾਰੀ ਸਤਿਗੁਰੂ ਹੀ ਵਰਤਾ ਸਕਦਾ ਹੈ** । ਸਿਮਰਨ-ਦਾਤਿ-ਕਲਾ ਦੀ ਸਮਰੱਥਾ ਤੋਂ ਹੀਨ ਦੇਹਧਾਰੀ ਗੁਰੂ-ਡੰਮੀਆਂ ਨੂੰ ਐਵੇਂ ਅਣਹੋਇਆ ਮੇਨੀਆ ਗੁਰੂ ਬਣ ਬਹਿਣ ਦਾ ਲਗਾ ਹੋਇਆ ਹੈ । ਅਜਿਹੇ ਗੁਰੂ ਬਣਾਉਣ ਦੇ ਠੇਕੇਦਾਰ ਗੁਰੂ-ਮੇਕਰਾਂ (Guru makers) ਦਾ ਭੀ ਜੇ ਗੁਰੂ ਬਣਾਉਣ ਵਾਲਾ ਝਸ (ਮੇਨੀਆ) ਪੂਰਾ ਹੁੰਦਾ ਨਾ ਦਿਸੇ, ਯਾ ਉਸ ਵਿਚ ਕੋਈ ਠੇਸ ਲਗੇ ਤਾਂ ਉਹ ਭੂਹੇ ਹੋ ਹੋ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ । ਸਤਿਗੁਰੂ ਸੱਚਾ ਪਾਤਸ਼ਾਹ ਉਹਨਾਂ ਨੂੰ ਸੁਮੱਤ ਬਖਸ਼ੇ ਅਤੇ ਦੀਰਘ ਸਹਿਨ-ਸ਼ੀਲਤਾ ਵਾਲਾ ਗੁਰਮਤਿ ਬਿਬੇਕ ਵੀਚਾਰ ਪਰਦਾਨ ਕਰੇ ।

ਗੁਰੂ ਕੇ ਬਚਨ ਵਿਚ ਹੀ ਇਹ ਸਤਿਆ ਹੈ, ਜੈਸੀ ਕਿ ਪਿਛੇ ਦਿੱਤੇ ਗੁਰਪ੍ਰਮਾਣ ਲੇ ਦਰਸਾਈ ਹੈ । ਗੁਰੂ ਕੇ ਬਚਨ ਹੀ ਅਮੋਘ ਬਾਣ ਹਨ । ਅੱਜ ਕਲ੍ਹ ਦੇ ਅਨਜਾਣ ਮਨੁਖ ਸਾਧਾਂ ਸੰਤਾਂ ਨੂੰ ਗੁਰੂ ਡੰਮ ਦਾ ਧਨੇਸੂ ਥਾਪ ਕੇ ਉਹਨਾਂ ਪਾਸੋਂ ਗੁਰੂ ਸਦਰਸ਼ ਬਚਨਾਂ ਦੀ ਸਿੱਧੀ ਮੰਗਦੇ ਹਨ । ਉਹ ਧਨੇਸੂ ਭੀ ਵਡਿਆਈ ਨਾਲ ਫੱਲ ਫੁੱਲ ਕੇ ਅਤੇ ਧਨੇਸੂਪਣੇ ਦੇ ਅਣਹੋਏ ਅਕੜੇਵੇਂ ਵਿੱਚ ਆਕੜ ਕੇ ਬਚਨ-ਦਾਤੇ ਬਣ ਬਹਿੰਦੇ ਹਨ ਅਤੇ ਸੱਚੇ ਗੁਰੂਆਂ ਦੀ ਰੀਸ ਦੀ ਕੁਚੱਜ ਕਰ ਲੈਂਦੇ ਹਨ, ਪਰ ਉਹਨਾਂ ਤੋਂ ਸਰਦਾ ਪੁੱਜਦਾ ਕੁਛ ਨਹੀਂ । ਬਪੁੜੇ ਲੋਕੀ ਉਹਨਾਂ ਦੀ ਹਉਮੈ ਹੀ ਵਧਾਉਂਦੇ ਹਨ ਤੇ ਫੋਕੀਆਂ ਸੁਆਰਥ ਭਰੀਆਂ ਦੁਕਾਨਦਾਰੀਆਂ ਚਲਾਉਂਦੇ ਹਨ । **ਦੇਹਧਾਰੀ ਅਲਪਗ ਗੁਰੂਆਂ ਦੇ ਮੂੰਹਾਂ ਵਿਚੋਂ ਨਿਕਲੇ, ਫੋਕੇ ਕੱਚਪਿੱਚੇ ਬਚਨ ਕਦੇ ਗੁਰੂ ਦੇ ਅਮੋਘ ਬਾਣ-ਬਚਨਾਂ ਦੇ ਤੁਲ ਹੋ ਸਕਦੇ ਹਨ ?** ਕਦਾਚਿਤ ਨਹੀਂ । ਨਾਮ ਅਭਿਆਸ ਦੀ ਅਗਾਧ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਸੁਤੇ ਸਿਧ ਹੀ ਬਚਨਾਂ ਦੀ ਸਿੱਧੀ ਹੋ ਆਉਂਦੀ ਹੈ, ਪਰ ਉਹ ਏਸ ਨੂੰ ਵਰਤਦੇ ਨਹੀਂ, ਵਰਤਣ ਨੂੰ ਸਗੋਂ ਮਨਮਤਿ ਸਮਝਦੇ ਹਨ । ਜਿਨ੍ਹਾਂ ਨੇ ਤਨਕ ਮਾਤਰ ਸਿੱਧੀ ਨੂੰ ਪਾ ਕੇ ਵਰਤਣ ਦਾ ਜੰਜਾਲ ਸਹੇੜ ਲਿਆ, ਉਹ ਬਸ ਏਧਰੇ ਹੀ ਰੁੜ੍ਹ ਗਏ । ਉਹਨਾਂ ਦਾ ਪ੍ਰਮਾਰਥ ਗਿਆ ਗਵਾਤਾ ਹੋ ਗਿਆ, ਓੜਕ ਓਹ ਫੋਕੇ ਬੂਝ-ਬੁੱਝਕੜ ਹੀ ਰਹਿ ਗਏ । ਗੁਰੂ ਦਾ ਤੱਤ ਬਚਨ ਨਾਮ ਗੁਰਮੰਤਰ ਹੈ । ਇਸ ਗੁਰਮੰਤਰ ਰੂਪੀ ਗੁਰਬਚਨ ਦੀ ਹੀ ਮਹਿਮਾ ਪਿਛੇ ਦਿੱਤੇ ਗੁਰਵਾਕ ਅੰਦਰ ਵਰਤੀ ਗਈ ਹੈ । ਇਸ ਮਹਾਂ ਮੰਤਰ ਦੇ ਮੁਕਾਬਲੇ ਵਿਚ ਕੱਚੇ ਗੁਰੂ ਕੱਚੇ ਬਚਨਾਂ ਦੇ ਹਲਦੀ ਦੀ ਗੰਠੀ ਵਾਂਗ ਪਨਸਾਰੀ ਬਣ ਬਹਿੰਦੇ ਹਨ । ਸੰਸਾਰ ਦੇ ਸੁਾਰਥੀਆਂ ਦੀ ਅਜਿਹੇ ਬਚਨਵਰ ਦੇਣ ਵਾਲੇ ਹਲਦੀ-ਗੰਠੀ-ਪਨਸਾਰੀਆਂ ਪਾਸੋਂ ਹੀ ਧਤ ਪੂਰੀ ਹੁੰਦੀ ਹੈ । **ਬਚਨਾਂ ਸਿਰ ਬਚਨ ਗੁਰੂ ਕਾ ਸ਼ਬਦ ਗੁਰਮੰਤਰ ਹੈ ਅਤੇ ਤੱਤ ਬਚਨ ਸਿੱਧੀ ਗੁਰੂ ਹੁਕਮ ਰੂਪ ਬਚਨ ਨੂੰ ਕਮਾਉਣ ਵਿਚ, ਅਰਥਾਤ ਗੁਰ ਸ਼ਬਦ ਗੁਰਮੰਤਰ ਦੀ ਕਮਾਈ ਵਿਚ ਹੈ** । ਇਸ ਤੋਂ ਬਿਨਾਂ ਹੋਰ ਰਿੱਧਿ ਸਿੱਧਿ ਸਭ ਮੋਹ ਰੂਪ ਹੈ, ਜਿਸ ਦੇ ਵਿਚ ਖਚਤ ਹੋਣ ਕਰਿ ਨਮੂਦ ਮਾਤਰ ਨਿੰਮ੍ਰਿਆ ਨਾਮ ਭੀ ਮਨ ਵਿਚੋਂ ਨਿਕਲ ਜਾਂਦਾ ਹੈ । ਯਥਾ ਗੁਰਵਾਕ :-

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ।।੧।। (੧੯).

(ਸਲੋਕੁ ਮ: ੩, ਵਡਹੰਸ ਕੀ ਵਾਰ, ਪੰਨਾ ੫੯੩)

## ਸਿੱਖ ਰੂਪ ਸੰਤ-ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ

ਸਿੱਖ ਰੂਪ ਸੰਤ ਸਾਧ ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ । ਸਤਿਗੁਰੂ ਰੂਪ ਸਾਧ ਸੰਤ ਹੀ ਸਿਮਰਨ-ਦਾਤੇ ਹਨ । ਸਿਮਰਨ-ਦਾਤੇ ਐਸੇ ਸਤਿਗੁਰੂ ਰੂਪ ਸਾਧ ਜਾਮੇ, ਬਸ ਕੇਵਲ ਦਸੇ ਗੁਰੂ ਪਾਤਸ਼ਾਹੀ ਜਾਮੇ ਹੀ ਹਨ । ਹੋਰ ਕੋਈ ਇੱਕ ਇੱਕਲਾ ਦੇਹ-ਧਾਰੀ ਸਾਧ ਸੰਤ ਗੁਰੂ ਸਦਰਸ਼ ਨਹੀਂ ਹੋ ਸਕੰਦਾ । **ਪੰਚ ਪਰਵਾਨ ਜਨਾਂ ਦੇ ਅੰਦਰ ਗੁਰੂ-ਜੋਤਿ-ਕਲਾ ਵਰਤਦੀ ਹੈ, ਪਰ ਇਹਨਾਂ ਪੰਚਾਂ ਦੁਆਰਾ ਗੁਰੂ ਕਲਾ ਵਰਤਦੀ ਹੈ ਕੇਵਲ ਦਸਾਂ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ** ।



www.AKJ.Org

**ਜਿਨ੍ਹਾਂ ਨੇ ਐਸੇ ਸਤਿਗੁਰੂ ਸਾਧ ਦਸੋਂ ਗੁਰੂ ਜੋਤਿ ਜਾਮਿਆਂ ਦੇ ਜ਼ਾਹਰਾ ਜ਼ਹੂਰ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ, ਸੋ ਸਭ ਨਿਗੁਰੇ ਹਨ ।**

ਜੋ ਮਨਮਤੀਏ ਪੁਰਸ਼ ਸਿਮਰਨ-ਦਾਤੇ ਹੋ ਕੇ ਆਪਣੇ ਆਪ ਨੂੰ ਪੁਜਾਉਂਦੇ ਮੱਥੇ ਟਿਕਾਉਂਦੇ ਹਨ, ਉਹ ਸਿੱਖੀ ਪਦ ਤੋਂ ਭੀ ਹਿਠਾਹਾਂ ਹੋ ਜਾਂਦੇ ਹਨ, ਉਨ੍ਹਾਂ ਅੱਗੇ ਸਿੱਖ ਸਮਝ ਕੇ ਨਿਵਣਾ ਭੀ ਅਯੋਗ ਹੈ ।

ਆਪੇ ਬਣ ਬੈਠੇ ਸਿਮਰਨ-ਦਾਤਿਆਂ ਨੇ ਤਾਂ ਲੋਕਾਂ ਨੂੰ ਆਪਣੇ ਪੈਰੀਂ ਪੁਆਉਣ ਦਾ ਠੇਕਾ ਹੀ ਲੀਤਾ ਹੋਇਆ ਹੈ । ਉਹ ਪੈਰੀਂ ਪੁਆਉਣਗੇ, ਪੈਰੀਂ ਪੈਣਗੇ ਨਹੀਂ, ਕਿਉਂਕਿ ਉਨ੍ਹਾਂ ਅੰਦਰਿ ਸਿਮਰਨ-ਦਾਤੇ ਹੋਣ ਦੀ ਆਕੜ ਵੜੀ ਹੋਈ ਹੁੰਦੀ ਹੈ, ਐਵੇਂ ਨਿਖੜੰਮੀ ਰੰਘੜਊਪੁਣੇ ਵਾਲੀ ਆਕੜ ।

## ਗੁਰਮਤਿ ਗੁਣਾਂ ਦੇ ਬੋਹਿਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ

ਗੁਰਮਤਿ ਗੁਣ ਗੁਰਬਾਣੀ ਦੇ ਬੋਹਿਥ ਕਲਜੁਗ ਅੰਦਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ । ਇਸ ਸੱਚੇ ਗੁਰਦੇਵ ਬਾਝੋਂ ਗੁਣ ਕਿਤੇ ਹੋਰਥੇ ਕਿਸੇ ਹੋਰ ਮੜ੍ਹੇ ਸਰੀਰ ਵਿੱਚ ਨਹੀਂ ਜਾਪਦੇ । ਪ੍ਰਗਟ ਪਾਹਾਰੇ ਇਹ ਗੁਣ ਜਾਪਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰਿ ਹੀ ਜਾਪਦੇ ਹਨ ।

ਸਤਿਗੁਰੂ ਸਿਮਰਨ - ਦਾਤੇ ਦੇ ਦਿੱਤੇ ਸ਼ਬਦ ਗੁਰਮੰਤਰ ਦੁਆਰਾ ਹੀ ਹਉਮੈ ਦਾ ਬਿਨਾਸ ਦਗਧਾਸ ਹੋ ਸਕਦਾ ਹੈ, ਐਵੇਂ ਨਹੀਂ। ਕੱਚੇ ਗੁਰੂ ਦੀਆਂ ਦਿੱਤੀਆਂ ਸਿਮਰਨ - ਕਾਨਾਫੂਸੀਆਂ ਤੋਂ ਕੁਛ ਨਹੀਂ ਸਰਦਾ, ਨਾ ਹਉਮੈ ਮਿਟਦੀ ਹੈ ਨਾ ਹੂੜ ਮਤਿ ਹਟਦੀ ਹੈ। ਕੱਚੇ ਗੁਰੂ ਅਤੇ ਗੁਰੂਆਂ ਦੇ ਕੱਚੇ ਪਿੱਲੇ ਚੇਲੇ ਸਿਮਰਨ - ਦਾਤਾਂ ਲੈਣ ਦੇਣ ਦਾ ਝਸ ਪੂਰਾ ਕਰਦੇ ਹਨ।

"ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ" ਵਾਲਾ ਗੁਰਵਾਕ ਨਿਰਣੇ ਕਰਾਉਂਦਾ ਹੈ ਕਿ ਗੁਰਮਤਿ ਤਤ ਗਿਆਨ ਤੋਂ ਘੁੱਥੇ ਅਗਿਆਨੀ ਅਤੇ ਗੁਰੂ ਪਦ ਮਹੱਤਤਾ ਤੋਂ ਅੰਧਲੇ ਆਪੋਂ ਬਣ ਬੈਠੇ, ਅਰਥਾਤ, ਆਪੇ ਹੀ ਆਪਣੇ ਆਪ ਨੂੰ ਗੁਰੂ ਸਦਾਉਣ ਵਾਲੇ ਦੇਹਧਾਰੀ ਗੁਰੂਆਂ ਪਾਸੋਂ ਕੋਈ ਜਗਿਆਸੂ ਵਾਸਤਵ ਵਿਚ ਸੁਮਾਰਗ ਨਹੀਂ ਲੱਗ ਸਕਦਾ, ਐਵੇ ਕੱਖਾਂ ਦੀ ਅੱਗ ਵਾਲਾ ਨਿਘਾਸ ਹੀ ਹੈ।

ਅਲਪੱਗ ਮੜ੍ਹੇ ਸਰੀਰ ਐਵੇਂ ਤਨਕ ਮਾਤਰ ਚਿਣਗ ਦੀ ਚਿੰਗਾਰੀ ਹੋ ਕੇ ਪਏ ਲੋਕਾਂ ਨੂੰ ਭਰਮਾਉਂਦੇ ਫਿਰਦੇ ਹਨ ਅਤੇ ਦੇਹਧਾਰੀ ਗੁਰੂ ਦੀ ਅਣਹੋਈ ਲੋੜ ਦਾ ਫੋਕਾ ਹੋਕਾ ਦਿੰਦੇ ਫਿਰਦੇ ਹਨ ਅਤੇ ਸੱਚੇ ਲਾਲ ਰਤਨਾਂ ਜਵਾਹਰਾਂ ਸੇਤੀ ਭਰਪੂਰ -ਲੀਣੇ-ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਾਉਣ ਲਈ ਆਮ ਲੋਕਾਂ ਨੂੰ ਬਹਿਕਾਉਂਦੇ ਫਿਰਦੇ ਹਨ।

ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ ਸਾਗਰ ਵਿੱਚ ਸਭ ਕੁਝ ਭਰਪੂਰ ਹੈ। ਯਥਾ ਗੁਰਵਾਕ —

**ਗੁਰੁ ਸਾਗਰੁ ਰਤਨੀ ਭਰਪੂਰੇ।। ਅੰਮ੍ਰਿਤੁ ਸੰਤ ਚੁਗਹਿ ਨਹੀਂ ਦੂਰੇ।। ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ।।**
**ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ।।੧।। ਕਿਆ ਬਗੁ ਬਪੁੜਾ ਛਪੜੀ ਨਾਇ।।**
**ਕੀਚੜਿ ਡੂਬੈ ਮੈਲੁ ਨ ਜਾਇ ।।੧।। ਰਹਾਉ।। (੮।।੧)** **( ਧਨਾਸਰੀ ਮ:੧ ਅਸਟ:, ਪੰਨਾ ੬੮੫)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਬਿਨਾਂ 'ਗੁਰੁ ਸਾਗਰੁ ਰਤਨੀ ਭਰਪੂਰੇ' ਵਾਲਾ ਗੁਰੂ ਮਹੱਤਵ ਅੱਜ ਦੇ ਵਰਤਮਾਨ ਸਮੇਂ ਵਿਚ ਹੋਰ ਕਿਸੇ ਭੀ ਦੇਹਧਾਰੀ ਗੁਰੂ ਉਤੇ ਨਹੀਂ ਘਟ ਸਕਦਾ ਅਤੇ ਨਾ ਹੀ ਅੱਗੇ ਨੂੰ ਘਟੇਗਾ। ਇਹ ਅੰਮ੍ਰਿਤ ਰੂਪੀ ਰਤਨਾਂ ਨਾਲ ਭਰਿਆਂ ਹੋਇਆਂ ਸਰਸ਼ਾਰ ਸਾਗਰ ਰਤਨ ਵਾਪਾਰੀ ਅਧਿਕਾਰੀ ਸੰਤ ਜਨਾਂ ਨੂੰ ਸਦਾ ਹੀ ਨਿਕਟ ਹਜ਼ੂਰੀ ਵਿਚ ਜ਼ਾਹਰਾ ਜ਼ਹੂਰ ਦਿਸਦਾ ਹੈ। ਉਹ ਵਡਭਾਗੇ ਸਿਖ ਸੰਤ ਜਨ ਮੰਨ - ਭਾਉਂਦੀਆਂ ਤਾਰੀਆਂ ਅਤੇ ਡੁਬਕੀਆਂ ਇਸ ਅੰਮ੍ਰਿਤ - ਸਾਗਰ ਵਿਖੇ ਲਾਉਂਦੇ ਹਨ ਅਤੇ ਅੰਦਰੋਂ ਰਤਨ ਜਵਾਹਰ ਮਾਣਕ ਲਾਲਾਂ ਮਈ ਤੱਤ ਵਿਰੋਲ



www.AKJ.Org

ਲੈਂਦੇ ਹਨ। ਗੁਰਮੁਖ ਹੰਸਲੇ ਜਨਾਂ ਨੂੰ ਸੁੱਚੇ ਮੋਤੀ ਹੀਰਿਆਂ ਦਾ ਹੰਸ-ਚੋਗ ਲਭਦਾ ਹੈ ਤਾਂ ਇਸੇ ਸਾਗਰ ਵਿੱਚੋਂ ਲਭਦਾ ਹੈ । ਏਸ ਸੱਚੇ ਸਰੋਵਰ ਵਿਖੇ ਤਾਰੀਆਂ ਚੁੱਭੀਆਂ ਲਾ ਕੇ ਹੀ ਅੰਮ੍ਰਿਤ-ਚੋਗਲੇ ਹੰਸ, ਪ੍ਰਾਣਪਤਿ ਪ੍ਰੀਤਮ ਪ੍ਰਭੂ ਦੀ ਪ੍ਰਾਪਤੀ ਵਾਲੇ ਪਦ ਨੂੰ ਪਾਉਂਦੇ ਹਨ । ਜਿਹੜੇ ਬਗ ਬਪੁੜੇ ਹਨ, ਸੋ ਛੱਪੜੀਆਂ ਵਿਚ ਨ੍ਹਾਉਣ ਲਈ ਟੱਕਰਾਂ ਮਾਰਦੇ ਫਿਰਦੇ ਹਨ, ਪਰ ਛਪੜੀ ਨ੍ਹਾਤੇ ਕੀ ਬਣਦਾ ਹੈ ? ਚਿੱਕੜ ਵਿੱਚ ਡੁਬਿਆਂ ਸਗੋਂ ਹੋਰ ਵਧੇਰੇ ਮੈਲ ਲਗ ਜਾਂਦੀ ਹੈ । **ਇਹ ਸਾਰੇ ਆਪੇ ਬਣ ਬੈਠੇ ਦੇਹਧਾਰੀ ਗੁਰੂ ਚਿੱਕੜ-ਬੋੜਣੀਆਂ ਛਪੜੀਆਂ ਹਨ ।**

**ਸੱਚਾ ਅੰਮ੍ਰਿਤ ਸਾਗਰ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੇਵ ਗੁਰੂ ਹੀ ਹੈ ।** ਯਥਾ ਗੁਰਵਾਕ –

**ਗੁਰੁ ਸਾਗਰੁ ਰਤਨੀ ਨਹੀਂ ਤੋਟ ।। ਲਾਲ ਪਦਾਰਥ ਸਾਚੁ ਅਖੋਟ .... ।।੨੭।।**

(ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ-੯੩੩)

ਇਹ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਸਾਗਰ ਹੀ ਹੈ, ਜਿਸ ਵਿੱਚ ਅਤੁੱਟ ਰਤਨ ਅਤੇ ਅਖੁਟ ਲਾਲ ਰੂਪੀ ਸੱਚੇ ਪਦਾਰਥ ਭਰੇ ਪਏ ਹਨ । ਇਹ ਗੁਰੂ ਰੂਪੀ ਸਾਗਰ ਐਸਾ ਰਤਨਾਗਰ ਹੈ ਜੋ ਅੰਮ੍ਰਿਤ ਮਜਨੇਰੇ ਘਨੇਰੇ ਰਤਨਾਂ ਨਾਲ ਭਰਿਆ ਪਿਆ ਹੈ, ਜਿਸ ਵਿਚ ਮਜਨ ਕੀਤਿਆਂ ਸਪਤ ਸਰੋਵਰਾਂ ਦੇ ਇਸ਼ਨਾਨ ਦਾ ਫਲ ਪ੍ਰਾਪਤਿ ਹੋਣਾ ਹੈ ਅਤੇ ਸਪਤ ਸਰੋਵਰਾਂ ਦੇ ਮਜਨ ਨਾਲੋਂ ਵਿੱਲਖਣਤਾ ਇਹ ਹੈ ਕਿ ਇਸ ਵਿਚ ਨ੍ਹਾਤਿਆਂ ਅੰਮ੍ਰਿਤ-ਮਜਨੀ-ਇਸ਼ਨਾਨ ਹੁੰਦਾ ਹੈ ਅਤੇ ਮਨ ਦੀ ਸਗਲੀ ਮੈਲ ਕੱਟੀ ਜਾ ਕੇ ਪੂਰਨ ਨਿਰਮਲਤਾ ਮਿਲਦੀ ਹੈ । **ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰ-ਸਾਗਰ ਐਸਾ ਅੰਮ੍ਰਿਤ ਸਰੋਵਰ ਹੈ ਕਿ ਜਿਸ ਤੋਂ ਮਨ-ਇੱਛੇ ਪਾਰਜਾਤੀ ਫਲ ਮਿਲਦੇ ਹਨ ।** ਨਾਮ ਰੂਪੀ ਅਮਰ ਪਦਾਰਥ ਜੇਕਰ ਮਿਲਦਾ ਹੈ ਤਾਂ ਇਸੀ (ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ) ਸਾਗਰ ਤੋਂ ਮਿਲਦਾ ਹੈ, ਜਿਸ ਨੂੰ ਹਿਰਦੇ ਵਿਚ ਵਸਾਉਣ ਕਰਿ ਅਮਰ ਪਦਵੀ ਨੂੰ ਪ੍ਰਾਪਤ ਹੋਈਦਾ ਹੈ । ਯਥਾ ਗੁਰਵਾਕ –

**ਗੁਰੂ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ।।**
**ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ..... ।।੭।।੬।।੫।।**

(ਮਾਰੂ ਮ: ੧, ਪੰਨਾ ੧੦੧੧-੧੨)

**ਤਾਂ ਤੇ ਅੰਮ੍ਰਿਤ ਸਰੋਵਰ ਸਤਿਗੁਰ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਨਾਮ ਦਾ ਪੂਰਾ ਭੰਡਾਰ ਅਤੇ ਭੰਡਾਰੀ ਤੇ ਉੱਤਮ ਰਤਨ ਅਪਾਰ ਜਵਾਹਰਾਂ ਦਾ ਜਵਾਹਰੀ ਹੈ । ਇਹੀ ਸੱਚੀ-ਦਾਤਿ ਸਿਮਰਨ ਦਾ ਦਾਤਾਰੀ ਹੈ । ਇਸ ਗੁਰੂ ਬਿਨਾਂ ਨਾ ਹੀ ਹੋਰ ਕੋਈ ਗੁਰੂ ਹੈ ਤੇ ਨਾ ਕੋਈ ਸਿਮਰਨ-ਦਾਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਗੁਰੂ ਬਾਝੋਂ ਸਿਮਰਨ-ਭਗਤੀ ਹੀ ਨਹੀਂ ਹੋ ਸਕਦੀ ।**

(ਟ੍ਰੈਕਟ 'ਸ਼ਬਦ ਗੁਰੂ" ਵਿਚੋਂ)

---

# ਅਗਸਤ, ੯੪ ਦਾ "ਸੂਰਾ" ਭੇਜਣ ਵਿੱਚ ਦੇਰੀ

ਡਾਕ ਮਹਿਕਮੇ ਵੱਲੋਂ ਰਜਿਸਟਰੇਸ਼ਨ ਨੰਬਰ ਮਿਲਣ ਵਿਚ ਦੇਰੀ ਕਾਰਨ ਅਗਸਤ, ੯੪ ਦਾ "ਸੂਰਾ" ਭੇਜਣ ਵਿੱਚ ਦੇਰੀ ਹੋ ਗਈ ਸੀ । ਅਸੀਂ ਆਪਣੇ ਸੁਹਿਰਦ ਪਾਠਕਾਂ ਕੋਲੋਂ ਇਸ ਦੀ ਮੁਆਫ਼ੀ ਚਾਹੁੰਦੇ ਹਾਂ । ਅੱਗੋਂ ਤੋਂ ਅਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਰਸਾਲਾ ਹਰ ਮਹੀਨੇ ਦੀ ਪੰਦਰਾਂ ਤਾਰੀਖ ਤੱਕ ਪਾਠਕਾਂ ਕੋਲ ਪੁੱਜ ਜਾਇਆ ਕਰੇ ।

ਸੰਪਾਦਕ



www.AKJ.Org

# ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅੰਦਰਲੀ ਤਰਤੀਬ

(ਪ੍ਰੋ: ਸਾਹਿਬ ਸਿੰਘ ਜੀ, ਡੀ. ਲਿਟ)

ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿੱਚ ਸਭ ਤੋਂ ਪਹਿਲਾਂ '੧ੴ' ਤੋਂ ਲੈ ਕੇ 'ਗੁਰ ਪ੍ਰਸਾਦਿ' ਤੱਕ ਮੂਲ-ਮੰਤ੍ਰ ਹੈ । ਇਸ ਤੋਂ ਅਗਾਂਹ ਸਭ ਤੋਂ ਪਹਿਲੀ ਬਾਣੀ 'ਜਪੁ' ਹੈ, ਜੋ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਹੈ । ਇਸ ਵਿੱਚ ੩੮ ਪਉੜੀਆਂ ਤੇ ਦੋ ਸਲੋਕ ਹਨ : ਇਕ ਸਲੋਕ ਸ਼ੁਰੂ ਵਿਚ ਤੇ ਇਕ ਅਖ਼ੀਰ ਵਿਚ । ਸਵੇਰੇ ਅੰਮ੍ਰਿਤ ਵੇਲੇ ਇਸ ਬਾਣੀ ਦਾ ਪਾਠ ਕਰਨ ਦੀ ਹਿਦਾਇਤ ਹੈ । ਇਸ ਤੋਂ ਅਗਲੀ ਬਾਣੀ ਦੇ ਦੋ ਹਿੱਸੇ ਹਨ – 'ਸੋਦਰੁ' ਅਤੇ 'ਸੋ ਪੁਰਖੁ' । 'ਸੋਦਰੁ' ਵਿਚ ਪੰਜ ਸ਼ਬਦ ਹਨ ਅਤੇ 'ਸੋ ਪੁਰਖੁ' ਵਿੱਚ ਚਾਰ । ਇਹ ਬਾਣੀ ਸ਼ਾਮ ਵੇਲੇ ਪੜ੍ਹੀਦੀ ਹੈ । ਇਸ ਨੂੰ 'ਰਹਰਾਸਿ' ਭੀ ਆਖਦੇ ਹਾਂ ।

ਇਸ ਤੋਂ ਅੱਗੇ 'ਸੋਹਿਲਾ' ਹੈ, ਜਿਸ ਵਿਚ ਪੰਜ ਸ਼ਬਦ ਹਨ । ਰਾਤ ਨੂੰ ਸੌਣ ਸਮੇਂ ਇਸ ਦਾ ਪਾਠ ਕਰਨ ਦੀ ਹਿਦਾਇਤ ਹੈ ।

ਅਗਾਂਹ ਬਾਣੀ ਰਾਗਾਂ ਅਨੁਸਾਰ ਦਰਜ ਹੈ । ਹੇਠ ਲਿਖੇ ੩੧ ਰਾਗ ਹਨ :-

ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ, ਜੈਜਾਵੰਤੀ :

ਰਾਗਾਂ ਦੇ ਮੁੱਕਣ ਤੇ ਹੇਠ-ਲਿਖੀਆਂ ਹੋਰ ਬਾਣੀਆਂ ਦਰਜ ਹਨ :-

| | |
|---|---|
| ੧. ਸਲੋਕ ਸਹਸਕ੍ਰਿਤੀ ਮਹਲਾ ੧ | ੪ |
| ੨. ਸਲੋਕ ਸਹਸਕ੍ਰਿਤੀ ਮਹਲਾ ੫ | ੬੭ |
| ੩. ਗਾਥਾ ਮਹਲਾ ੫ | ੨੪ |
| ੪. ਫੁਨਹੇ ਮਹਲਾ ੫ | ੨੩ |
| ੫. ਚਉਬੋਲੇ ਮਹਲਾ ੫ | ੧੧ |
| ੬. ਸਲੋਕ ਭਗਤ ਕਬੀਰ ਕੇ | ੨੪੩ |
| ੭. ਸਲੋਕ ਸੇਖ ਫਰੀਦ ਕੇ | ੧੩੦ |
| ੮. ਸਵਯੇ ਸ੍ਰੀ ਮੁਖ ਵਾਕਯ | ੯ |
| ੯. ਸਵਯੇ ਸ੍ਰੀ ਮੁਖ ਵਾਕਯ | ੧੧ |
| ੧੦. ਸਵਯੇ ੧੧ ਭੱਟਾਂ ਦੇ | ੧੨੩ |
| ਇਹਨਾਂ ਸਵਈਆਂ ਦਾ ਵੇਰਵਾ ਇਉਂ ਹੈ :- | |
| ਸਵਯੇ ਮਹਲੇ ਪਹਿਲੇ ਕੇ | ੧੦ |
| ਸਵਯੇ ਮਹਲੇ ਦੂਜੇ ਕੇ | ੧੦ |
| ਸਵਯੇ ਮਹਲੇ ਤੀਜੇ ਕੇ | ੨੨ |
| ਸਵਯੇ ਮਹਲੇ ਚੌਥੇ ਕੇ | ੬੦ |
| ਸਵਯੇ ਮਹਲੇ ਪੰਜਵੇਂ ਕੇ | ੨੧ |
| **੧੧. ਸਲੋਕ ਵਾਰਾਂ ਤੇ ਵਧੀਕ :-** | |
| ਸਲੋਕ ਮਹਲਾ ੧ | ੩੩ |
| ਸਲੋਕ ਮਹਲਾ ੩ | ੬੭ |
| ਸਲੋਕ ਮਹਲਾ ੪ | ੩੦ |
| ਸਲੋਕ ਮਹਲਾ ੫ | ੨੨ |
| ਸਲੋਕ ਮਹਲਾ ੯ | ੫੭ |
| ੧੨. ਮੁੰਦਾਵਣੀ ਮਹਲਾ ੫ | ੧ |
| ੧੩. ਸਲੋਕ ਮਹਲਾ ੫ ਦੇ | ੧ |
| ੧੪. ਰਾਗ ਮਾਲਾ * | |

## ਰਾਗਾਂ ਵਿੱਚ ਬਾਣੀ ਦੀ ਤਰਤੀਬ

* ਰਾਗਮਾਲਾ ਗੁਰਬਾਣੀ ਹੈ ਜਾਂ ਨਹੀਂ, ਇਸ ਬਾਰੇ ਪੰਥ ਵਿੱਚ ਅਜੇ ਮਤਭੇਦ ਹਨ ਪਰ ਇਸ ਦੇ ਨਾਲ ਹੀ ਪੰਥ ਪ੍ਰਵਾਣਤ 'ਸਿੱਖ ਰਹਿਤ ਮਰਯਾਦਾ" ਵਿਚ ਇਹ ਹੁਕਮ ਹੈ ਕਿ ਰਾਗਮਾਲਾ ਤੋਂ ਬਗੈਰ ਕੋਈ ਵੀ ਬੀੜ ਛਾਪੀ ਜਾਂ ਲਿਖੀ ਨਾ ਜਾਏ ।



www.AKJ.Org

ਹਰੇਕ ਰਾਗ ਵਿਚ ਬਾਣੀ ਦੀ ਤਰਤੀਬ ਦਾ ਵੇਰਵਾ ਆਮ ਤੌਰ ਤੇ ਇਉਂ ਹੈ :—

ਸ਼ਬਦ, ਅਸਟਪਦੀਆਂ, ਛੰਤ, ਵਾਰ, ਭਗਤਾਂ ਦੀ ਬਾਣੀ । ਇਹ ਸ਼ਬਦ, ਅਸਟਪਦੀਆਂ, ਛੰਤ ਆਦਿਕ ਭੀ ਖ਼ਾਸ ਕ੍ਰਮ ਅਨੁਸਾਰ ਦਰਜ ਹਨ— ਪਹਿਲਾਂ ਗੁਰੂ ਨਾਨਕ ਦੇਵ ਜੀ ਦੇ, ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ ਅਤੇ ਅਖ਼ੀਰ ਵਿਚ ਗੁਰੂ ਅਰਜਨ ਸਾਹਿਬ ਜੀ ਦੇ । ਗੁਰੂ ਅੰਗਦ ਸਾਹਿਬ ਜੀ ਦੇ 'ਸ਼ਬਦ' ਨਹੀਂ ਹਨ, ਸਿਰਫ 'ਸਲੋਕ' ਹਨ ਜੋ ਕਈ 'ਵਾਰਾਂ' ਦੀਆਂ ਪਉੜੀਆਂ ਨਾਲ ਦਰਜ ਹਨ । ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਬਦ ਜਿਸ ਜਿਸ ਰਾਗ ਵਿਚ ਹਨ ਉਥੇ ਉਹ ਕ੍ਰਮ-ਅਨੁਸਾਰ ਗੁਰੂ ਅਰਜਨ ਸਾਹਿਬ ਦੇ ਸ਼ਬਦਾਂ ਤੋਂ ਪਿਛੋਂ ਦਰਜ ਹਨ । ਸਾਰੇ ਸ਼ਬਦ ਮੁੱਕ ਜਾਣ ਤੇ ਇਸੇ ਤਰਤੀਬ ਅਨੁਸਾਰ 'ਅਸਟਪਦੀਆਂ' ਹਨ । ਗੁਰੂ ਤੇਗ ਬਹਾਦਰ ਸਾਹਿਬ ਦੀ ਕੋਈ ਅਸ਼ਟਪਦੀ ਨਹੀਂ । ਇਸੇ ਤਰ੍ਹਾਂ ਫਿਰ ਛੰਤ ਦਰਜ ਕੀਤੇ ਗਏ ਹਨ ।

**੩੧ ਰਾਗਾਂ ਵਿਚ ਬਾਣੀ ਦਾ ਵੇਰਵਾ—**

| | ਸ਼ਬਦ | ਅਸਟਪਦੀਆਂ | ਛੰਤ | ਜੋੜ |
|---|---|---|---|---|
| ਮਹਲਾ ੧ | ੨੦੯ | ੧੨੩ | ੨੫ | ੩੫੭ |
| ਮਹਲਾ ੩ | ੧੭੨ | ੭੯ | ੧੯ | ੨੭੦ |
| ਮਹਲਾ ੪ | ੨੬੪ | ੫੮ | ੩੮ | ੩੬੦ |
| ਮਹਲਾ ੫ | ੧੩੨੨ | ੪੫ | ੬੩ | ੧੪੩੦ |
| ਮਹਲਾ ੯ | ੫੯ | — | — | ੫੯ |
| ਕੁੱਲ | ੨੦੨੬ | ੩੦੫ | ੧੪੫ | ੨੪੭੬ |

**ਵਾਰਾਂ—**

ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ੨੨ 'ਵਾਰਾਂ' ਹਨ । ਇਹਨਾਂ ਵਿਚੋਂ ੨੧' ਵਾਰਾਂ' ਗੁਰੂ ਸਾਹਿਬਾਨ ਦੀਆਂ ਹਨ, ਤੇ, ੧ 'ਵਾਰ' ਸੱਤੇ ਬਲਵੰਡ ਦੀ ਹੈ । ਇਹਨਾਂ ਦਾ ਵੇਰਵਾ ਇਉਂ ਹੈ :-

੧. ਗੁਰੂ ਨਾਨਕ ਦੇਵ ਜੀ-ਰਾਗ ਮਾਝ, ਆਸਾ ਤੇ ਮਲਾਰ ਵਿਚ —੩ ਵਾਰਾਂ

੨. ਗੁਰੂ ਅਮਰਦਾਸ ਜੀ— ਗੂਜਰੀ, ਸੂਹੀ ਰਾਮਕਲੀ ਤੇ ਮਾਰੂ ਵਿਚ — ੪ ਵਾਰਾਂ

੩. ਗੁਰੂ ਰਾਮਦਾਸ ਜੀ—ਸਿਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਅਤੇ ਕਾਨੜਾ ਵਿਚ — ੮ ਵਾਰਾਂ

੪. ਗੁਰੂ ਅਰਜਨ ਦੇਵ ਜੀ— ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਵਿਚ — ੬ ਵਾਰਾਂ

੫. ਸਤਾ ਬਲਵੰਡ-ਰਾਮਕਲੀ ਵਿਚ — ੧ਵਾਰ

ਕੁੱਲ ਜੋੜ ੨੨ ਵਾਰਾਂ

ਰਾਗਾਂ ਅਨੁਸਾਰ ਇਹਨਾਂ ੨੨'ਵਾਰਾਂ' ਦਾ ਵੇਰਵਾ ਇਉਂ ਹੈ :-

ਗਉੜੀ ੨, ਗੂਜਰੀ ੨, ਰਾਮਕਲੀ ੩, ਮਾਰੂ ੨, ਜੋੜ ੯ ।

ਬਾਕੀ ਹੇਠ ਲਿਖੇ ੧੩ ਰਾਗਾਂ ਵਿਚ ਇਕ ਇਕ 'ਵਾਰ' ਹੈ :-

ਸਿਰੀ ਰਾਗ, ਮਾਝ, ਆਸਾ, ਬਿਹਾਗੜਾ, ਵਡਹੰਸ, ਸੋਰਠਿ, ਜੈਤਸਰੀ, ਸੂਹੀ, ਬਿਲਾਵਲ, ਬਸੰਤ, ਸਾਰੰਗ, ਮਲਾਰ ਅਤੇ ਕਾਨੜਾ

ਸੱਤੇ ਬਲਵੰਡ ਦੀ 'ਵਾਰ' ਅਤੇ ਰਾਗ ਬਸੰਤ ਦੀ 'ਵਾਰ' ਤੋਂ ਛੁੱਟ ਬਾਕੀ ਹਰੇਕ ਵਾਰ ਦੀਆਂ ਪਉੜੀਆਂ ਦੇ ਨਾਲ ਪਹਿਲੇ ਪੰਜ ਗੁਰ ਵਿਅਕਤੀਆਂ ਦੇ ਸਲੋਕ ਭੀ ਦਰਜ ਹਨ । ਇਹਨਾਂ ਸਲੋਕਾਂ ਅਤੇ ਪਉੜੀਆਂ ਦੀ ਗਿਣਤੀ ਇਉਂ ਹੈ —

**ਵੇਰਵਾ :—**

| | |
|---|---|
| ਮਹਲਾ ੧ | ੭੮ ਪਉੜੀਆਂ |
| ਮਹਲਾ ੩ | ੮੫ ਪਉੜੀਆਂ |
| ਮਹਲਾ ੪ | ੧੮੩ ਪਉੜੀਆਂ |
| ਮਹਲਾ ੫ | ੧੧੭ ਪਉੜੀਆਂ |
| ੨੧ ਵਾਰਾਂ ਦੀਆਂ ਪਉੜੀਆਂ ਜੋੜ | ੪੬੩ ਪਉੜੀਆਂ |
| ਸੱਤੇ ਬਲਵੰਡ ਦੀ ਵਾਰ | ੮ ਪਉੜੀਆਂ |
| ਕੁਲ ਜੋੜ | ੪੭੧ ਪਉੜੀਆਂ |

**੨੧ ਵਾਰਾਂ ਦੇ ਸਲੋਕਾਂ ਦਾ ਵੇਰਵਾ :—**

| | |
|---|---|
| ਮਹਲਾ ੧ | ੨੨੭ ਸਲੋਕ |
| ਮਹਲਾ ੨ | ੬੩ ਸਲੋਕ |



www.AKJ.Org

| | |
|---|---|
| ਮਹਲਾ ੩ | ੩੪੩ ਸਲੋਕ |
| ਮਹਲਾ ੪ | ੧੦੫ ਸਲੋਕ |
| ਮਹਲਾ ੫ | ੨੫੨ ਸਲੋਕ |
| ਕਬੀਰ ਜੀ | ੪ ਸਲੋਕ |
| ਜੋੜ | ੯੯੪ ਸਲੋਕ |

### ਭਗਤਾਂ ਦੀ ਬਾਣੀ

ਗੁਰੂ ਗ੍ਰੰਥ ਸਾਹਿਬ ਦੇ ੩੧ ਰਾਗਾਂ ਵਿਚੋਂ ੨੨ ਰਾਗਾਂ ਵਿਚ ਭਗਤਾਂ ਦੀ ਬਾਣੀ ਹੈ। ਭਗਤਾਂ ਦੇ ਸਾਰੇ ਸ਼ਬਦ ੩੪੯ ਹਨ, ਅਤੇ ਭਗਤ- ਬਾਣੀ ਵਿਚ ੩ ਸ਼ਬਦ ਗੁਰੂ ਅਰਜਨ ਦੇਵ ਜੀ ਦੇ ਹਨ। ਕੁੱਲ ਜੋੜ ੩੫੨ ਹੈ ।

ਵੇਰਵਾ :–

| | | | |
|---|---|---|---|
| ਕਬੀਰ ਜੀ | ੨੨੪ | ਭੀਖਨ ਜੀ | ੨ |
| ਨਾਮਦੇਵ ਜੀ | ੬੧ | ਪਰਮਾਨੰਦ ਜੀ | ੧ |
| ਰਵਿਦਾਸ ਜੀ | ੪੦ | ਸੈਣ ਜੀ | ੧ |
| ਤ੍ਰਿਲੋਚਨ ਜੀ | ੪ | ਪੀਪਾ ਜੀ | ੧ |
| ਫਰੀਦ ਜੀ | ੪ | ਸਧਨਾ ਜੀ | ੧ |
| ਬੇਣੀ ਜੀ | ੩ | ਰਾਮਾਨੰਦ ਜੀ | ੧ |
| ਧੰਨਾ ਜੀ | ੩ | ਸੂਰਦਾਸ ਜੀ | ੧ (ਤੁਕ) |
| ਜੈਦੇਵ ਜੀ | ੨ | ਗੁਰੂ ਅਰਜਨ ਦੇਵ ਜੀ | ੩ |
| | | ਜੋੜ | ੩੫੨ |

ਸ਼ਬਦਾਂ ਤੋਂ ਇਲਾਵਾ ਗਉੜੀ ਰਾਗ ਵਿਚ ਕਬੀਰ ਜੀ ਦੀਆਂ ੩ ਹੋਰ ਹੇਠ-ਲਿਖੀਆਂ ਬਾਣੀਆਂ ਹਨ-ਬਾਵਨ ਅੱਖਰੀ, ਪੰਦ੍ਰਹ ਥਿਤੀ ਅਤੇ ਸਤ ਵਾਰ ।

* * * * * * * * * *

**ਗੁਰ ਕੀ ਬਾਣੀ ਜਿਸੁ ਮਨਿ ਵਸੈ ।। ਦੂਖੁ ਦਰਦੁ ਸਭੁ ਤਾ ਕਾ ਨਸੈ ।।** (ਮ: ੫)

# ਅਰਦਾਸ

੧- ਅਰਦਾਸ (ਅਰਜ਼ ਦਾਸਤ) ਅਰਜ਼ ਬੇਨਤੀ ਹੈ ਨਾ ਕਿ ਆਪਣੀ ਵਿਦਵਤਾ ਨੂੰ ਪ੍ਰਗਟਾਉਣ ਵਾਲੀ ਲੈਕਚਰਬਾਜੀ ।

੨. ਅਰਦਾਸ ਨਿਮਾਣੇ ਬਣ ਕੇ ਕਰੀਏ, ਨਾ ਕਿ ਆਪਣੀ ਅਕਲ, ਸਿਆਣਪ, ਚਤੁਰਾਈ ਤੇ ਦਲੀਲ ਦੀ ਆੜ ਵਿੱਚ।

੩- ਅਰਦਾਸ ਗਰੀਬ ਬਣ ਕੇ ਸਤਿਗੁਰੂ ਅਗੇ ਢਹਿ ਪੈਣ ਹੈ, ਨਾ ਕਿ ਆਪਣੇ ਮਾਣ ਤੇ ਆਪਣੀ ਦੁਨਿਆਵੀ ਸ਼ਾਨ ਦਾ ਪ੍ਰਗਟਾਵਾ ।

੪. ਅਰਦਾਸ ਅਸੀਂ ਮੰਗਤੇ ਬਣ ਕੇ ਕਰੀਏ, ਨਾ ਕਿ ਦਾਨ ਦੇਣ ਵਾਲੇ ਦਾਤੇ।

੫. ਅਰਦਾਸ ਅਸੀਂ " ਸਾਹਿਬ " ਦੀ ਚਾਕਰੀ ਕਰਨ ਦੇ ਖਿਆਲ ਨਾਲ ਕਰੀਏ, ਨਾ ਕਿ ਬਰਾਬਰੀ ਜਾਂ ਸਵਾਲ ਜਵਾਬ ਕਰਨ ਦੇ ਉਦੇਸ਼ ਨਾਲ।

੬. ਅਰਦਾਸ ਸੌਦੇ ਬਾਜ਼ੀ ਨਾ ਹੋਵੇ ਕਿ ਜੇ ਮੇਰਾ ਪੁੱਤਰ ਰਾਜੀ ਕਰ ਦਿਉ ਤਾਂ ਮੈਂ ਦਸ ਰੁਪਏ ਦੀ ਦੇਗ ਕਰਵਾ ਦੇਵਾਂਗਾ। ਸੁਖਾਂ ਸੁੱਖਣੀਆਂ ਛੱਡ ਕੇ ਕੇਵਲ ਬੇਨਤੀ ਹੀ ਕਰੀਏ।

੭. ਅਰਦਾਸ ਵਿੱਚ " ਨਾਮ ਦਾਨ" ਦੀ ਜਾਚਨਾ ਹੋਵੇ, ਨਾ ਕਿ ਨਾਸ਼ਵਾਨ ਚੀਜਾਂ ਦੀ ਮੰਗ ਕਿਉਂਕਿ ਰਿੱਧੀਆਂ ਸਿੱਧੀਆਂ ਨਾਮ ਜਪਣ ਵਾਲਿਆਂ ਦੇ ਪਿਛੇ ਲਗੀਆਂ ਕਹਿੰਦੀਆਂ ਫਿਰਦੀਆਂ ਹਨ ਕਿ ਕੋਈ ਸੇਵਾ ਹੋਵੇ ਤਾਂ ਦੱਸੋ।

੮. ਅਰਦਾਸ ਸੱਚੇ ਹਿਰਦੇ ਵਿਚੋਂ ਉੱਠੀ ਅਰਜੋਈ ਹੋਵੇ, ਨਾ ਕਿ ਪਖੰਡ ਦੇ ਹੰਝੂ।

੯. ਅਰਦਾਸ ਆਤਮਾ ਨੂੰ ਪਰਮ- ਆਤਮਾ(ਪਰਮਾਤਮਾ) ਨਾਲ ਜੋੜਨ ਦਾ ਵਸੀਲਾ ਬਣੇ, ਨਾ ਕਿ ਅਸੀਂ ਏਧਰ ਓਧਰ ਝਾਕਦੇ ਰਹੀਏ ਅਤੇ ਸਾਡਾ ਮਨ ਬਾਹਰ ਦੌੜਿਆ ਫਿਰੇ।

੧੦. ਅਰਦਾਸ ਅਸੀਂ ਇਸ ਯਕੀਨ ਨਾਲ ਕਰੀਏ ਕਿ " ਸਾਹਿਬ" ਸਾਨੂੰ ਦੇਖਦਾ ਸੁਣਦਾ ਹੈ।

੧੧. ਅਰਦਾਸ ਕਰਦਿਆਂ ਅਸੀਂ ਦਸਾਂ ਹੀ ਗੁਰੂ ਵਿਅਕਤੀਆਂ (ਪਾਤਿਸ਼ਾਹੀਆਂ) ਨੂੰ ਇੱਕ ਸਮਾਨ ਤੇ ਇੱਕ ਜੋਤਿ ਸਮਝੀਏ, ਨਾ ਕਿ ਕਿਸੇ ਨੂੰ ਵੱਧ ਤੇ ਕਿਸੇ ਨੂੰ ਘੱਟ।

੧੨. ਅਰਦਾਸ ਬਹੁਤੀ ਲੰਬੀ ਨਾ ਹੋਵੇ, ਬਜ਼ੁਰਗਾਂ, ਬੀਮਾਰਾਂ ਤੇ ਕਮਜ਼ੋਰ ਬੰਦਿਆਂ ਦੀ ਮੁਸ਼ਕਲ ਨੂੰ ਵੀ ਧਿਆਨ ਵਿੱਚ ਰਖਿਆ ਜਾਏ ਕਿ ਉਹ ਬਹੁਤੀ ਦੇਰ ਖੜ੍ਹ ਨਹੀਂ ਸਕਣਗੇ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹਰ ਪ੍ਰਾਣੀ ਮਾਤਰ ਦਾ ਸਰਵ ਸ੍ਰੇਸ਼ਠ ਫਰਜ਼ ਬਣਦਾ ਹੈ । ਪੰਜਵੇਂ ਗੁਰੂ ਨਾਨਕ (ਗੁਰੂ ਅਰਜਨ ਦੇਵ ਜੀ) ਨੇ ਜਿਸ ਸਮੇਂ ਸ਼ਬਦ ਗੁਰੂ ਦੇ ਸਮੂਹ (ਇੱਕਠ) ਗੁਰੂ ਗਰੰਥ ਸਾਹਿਬ ਦਾ ਸਰੂਪ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਾਇਆ ਤਾਂ ਆਪ ਉਸ ਦਿਨ ਤੋਂ ਸੰਗਤ ਵਿਚ ਬੈਠਣ ਲੱਗ ਪਏ । ਗੱਦੀ ਜਾਂ ਤਖਤ ਉਪਰ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲਗਾ ਅਤੇ ਸੇਵਾ ਲਈ ਬਾਬਾ ਬੁੱਢਾ ਜੀ ਨੂੰ ਪਹਿਲਾਂ ਗਰੰਥੀ ਥਾਪਿਆ । ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਆਪ ਨੀਵੇਂ ਸੰਗਤ ਵਿਚ ਬੈਠ ਕੇ ਆਪਣੇ ਸਰੀਰ ਨਾਲੋਂ ਗੁਰਬਾਣੀ ਨੂੰ ਵੱਧ ਮਹਾਨਤਾ ਦਿੱਤੀ ।

ਰਾਤ ਨੂੰ ਗੁਰੂ ਗਰੰਥ ਸਾਹਿਬ ਦਾ ਸੁਖਾਸਨ ਅਕਾਲ ਤਖਤ ਸਾਹਿਬ ਦੇ ਨਾਲ ਵਾਲੇ ਕਮਰੇ (ਕੋਠਾ ਸਾਹਿਬ) ਵਿਖੇ ਹੋਣ ਲੱਗ ਪਿਆ । ਇੱਥੇ ਪਹਿਲਾਂ ਗੁਰੂ ਅਰਜਨ ਦੇਵ ਜੀ ਰਾਤ ਨੂੰ ਪਲੰਘ ਉਪਰ ਬਿਰਾਜਿਆ ਕਰਦੇ ਸਨ, ਪਰ ਹੁਣ ਗੁਰੂ ਗਰੰਥ ਸਾਹਿਬ ਜੀ ਨੂੰ ਪਲੰਘ ਉਤੇ ਬਿਰਾਜਮਾਨ ਕੀਤਾ ਜਾਣ ਲੱਗਾ । ਇਸ ਤਰ੍ਹਾਂ ਆਪ ਜੀ ਨੇ ਸ਼ਬਦ ਦਾ ਸਤਿਕਾਰ ਕੀਤਾ ।

ਸੋ ਇਸ ਲਈ ਜਦੋਂ ਸਾਡੇ ਗੁਰੂ ਸਾਹਿਬ ਗੁਰਬਾਣੀ ਦਾ, ਸ਼ਬਦ ਗੁਰੂ ਦਾ, ਇਤਨਾ ਸਤਿਕਾਰ ਕਰਦੇ ਸਨ ਤਾਂ ਸਾਡਾ ਵੀ ਮੁੱਖ ਫਰਜ਼ ਬਣਦਾ ਹੈ ਕਿ ਅਸੀਂ ਵੀ ਗੁਰੂ ਗਰੰਥ ਸਾਹਿਬ ਦਾ ਪੂਰਨ ਸਤਿਕਾਰ ਕਰਨ ਲਈ ਤੱਤਪਰ ਰਹੀਏ, ਖਾਸ ਕਰ ਹੇਠ ਲਿਖੀਆਂ ਵੀਚਾਰਾਂ ਨੂੰ ਦਿਲ ਵਿਚ ਬਿਠਾਈਏ :-

(੧) ਗੁਰਮਤਿ ਸਮਾਗਮ (ਦੀਵਾਨ) ਜਿੱਥੇ ਵੀ ਕੀਤਾ ਜਾਏ ਉੱਥੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਨ ਤੋਂ ਪਹਿਲਾਂ ਇਹ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਹ ਅਸਥਾਨ ਗੁਰੂ ਸਾਹਿਬ ਦੇ ਸਤਿਕਾਰ ਤੇ ਸ਼ਾਨ ਦੇ ਅਨੁਕੂਲ ਹੋਵੇ । ਹੋਟਲਾਂ ਵਿਚ, ਬਜ਼ਾਰਾਂ ਵਿੱਚ, ਗੰਦੇ ਪਲਾਟਾਂ ਵਿੱਚ ਤੰਗ ਭੀੜੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਸਖਤ ਬੇਅਦਬੀ ਹੈ ।

(੨) ਕਿਸੇ ਮੱਨੁਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ ।

(੩) ਸੰਗਤ ਵਿੱਚ ਨੰਗੇ ਸਿਰ ਜਾਣਾ ਜਾਂ ਇਸਤਰੀਆਂ ਦਾ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿੱਰੁਧ ਹੈ ।

(੪) ਘਰ ਵਿਚ ਜੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨਾ ਹੋਵੇ ਤਾਂ ਕਮਰਾ ਸਾਫ ਸੁਥਰਾ ਚੰਗਾ ਤੇ ਨਿਵੇਕਲਾ ਹੋਣਾ ਚਾਹੀਦਾ ਹੈ । ਉਸ ਕਮਰੇ ਵਿੱਚ ਕੋਈ ਵੀ ਘਰੋਗੀ ਜਾਂ ਹੋਰ ਬੇਲੋੜੀ ਵਸਤੂ ਨਹੀਂ ਹੋਣੀ ਚਾਹੀਦੀ ।

**ਪ੍ਰਕਾਸ਼ ਅਸਥਾਨ ਤੇ ਕਿਸੇ ਪ੍ਰਕਾਰ ਦੀਆਂ ਮੱਨੁਖੀ ਜਾਂ ਗੁਰੂ ਸਾਹਿਬ ਦੀਆਂ ਮਨੋਕਲਪਤ ਤਸਵੀਰਾਂ ਲਾਉਣੀਆਂ ਮਨਮਤਿ ਹੈ ।**

(੫) ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਅੰਮ੍ਰਿਤ ਵੇਲੇ (ਪਹੁ ਫੁਟਾਲੇ ਤੋਂ ਪਹਿਲਾਂ) ਹੋਣਾ ਜ਼ਰੂਰੀ ਹੈ ਭਾਵੇਂ ਉਹ ਗੁਰ-ਅਸਥਾਨ (ਗੁਰਦੁਆਰਾ) ਹੋਵੇ ਜਾ ਘਰ ਹੋਵੇ ।

(੬) ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਉੱਚੇ ਥੜੇ ਜਾਂ ਤਖਤ ਪੋਸ਼ ਤੇ ਹੋਣਾ ਚਾਹੀਦਾ ਹੈ । ਜੇ ਕਿਸੇ ਕਾਰਨ ਇਹ ਦੋਵੇਂ ਅਸੰਭਵ ਹੋਣ ਤਾਂ ਧਰਤੀ ਤੇ ਹੀ ਸੱਵਛ ਬਸਤਰ ਵਿਛਾ ਕੇ ਮੰਜੀ ਸਾਹਿਬ ਉਪਰ ਪ੍ਰਕਾਸ਼ ਕਰਨਾ ਵਿਚ ਕੋਈ ਹਰਜ਼ ਨਹੀਂ ।



www.AKJ.Org

(੭) ਪ੍ਰਕਾਸ਼ ਵਾਲੇ ਅਸਥਾਨ ਉੱਪਰ ਚੰਦੋਆ ਸਜਾਉਣਾ ਜ਼ਰੂਰੀ ਹੈ । ਗੁਰੂ ਸਾਹਿਬ ਵਾਸਤੇ ਚੌਰ ਨੂੰ ਬੀੜ ਦੇ ਨਾਲ ਇਕ ਵਖਰੀ ਚੌਕੀ ਤੇ ਰਖਿਆ ਜਾਏ । ਮੰਜੀ ਸਾਹਿਬ ਦੇ ਹੇਠਾਂ ਜਾਂ ਉੱਪਰ ਰਖਣਾ ਸ਼ੋਭਾ ਨਹੀਂ ਦਿੰਦਾ ।

(੮) ਸ੍ਰੀ ਗੁਰੂ ਗਰੰਥ ਸਾਹਿਬ ਜੀ ਲਈ ਰੁਮਾਲੇ 'ਪਲਕਾਂ ਸਮੇਤ' ਅਤੀ ਸੁੰਦਰ ਪਰ ਸਾਫ ਤੇ ਸਾਦੇ ਹੋਣੇ ਚਾਹੀਦੇ ਹਨ । ਬਹੁਤ ਚਮਕੀਲੇ, ਭੜਕੀਲੇ ਪਤਲੇ ਜਾਂ ਗੁਰੂ ਸਾਹਿਬ ਦੀਆਂ ਤਸਵੀਰਾਂ ਵਾਲੇ ਨਹੀਂ ਹੋਣੇ ਚਾਹੀਦੇ । ਰੁਮਾਲੇ, ਗਦੇਲੇ, ਚਾਦਰਾਂ ਤੇ ਹੋਰ ਲੋੜੀਂਦਾ ਸਮਾਨ, ਹਰ ਸਮੇਂ ਸਾਫ ਹੋਣਾ ਅਤਿ ਜ਼ਰੂਰੀ ਹੈ, ਇਸ ਲਈ ਇਹਨਾਂ ਦਾ ਹਰ ਰੋਜ਼ ਜਾਂ ਸਫਾਈ ਦਾ ਪੱਖ ਦੇਖ ਕੇ ਬਦਲਿਆ ਜਾਣਾ ਜ਼ਰੂਰੀ ਹੈ ।

ਗਰਮੀਆਂ ਵਿਚ ਠੰਡੇ ਤੇ ਸਰਦੀਆਂ ਵਿਚ ਗਰਮ ਰੁਮਾਲੇ ਇਸ ਮੰਤਵ ਨੂੰ ਮੁੱਖ ਰੱਖ ਕੇ ਨਹੀਂ ਚੜ੍ਹਾਉਣੇ ਚਾਹੀਦੇ ਕਿ ਗੁਰੂ ਸਾਹਿਬ ਨੂੰ ਸਰਦੀ ਜਾਂ ਗਰਮੀ ਲਗਦੀ ਹੈ । ਗੁਰੂ ਮਹਾਰਾਜ ਜੀ ਤਾਂ ਸ਼ਬਦ-ਰੂਪ ਹਨ ।

(੯) ਰੁਮਾਲੇ ਨੂੰ ਪੱਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਕਈ ਵਾਰ ਪੱਤਰੇ ਮੁੜ ਕੇ ਫਟ ਜਾਂਦੇ ਹਨ । ਪਾਠ ਕਰਨ ਸਮੇਂ ਮੰਜੀ ਸਾਹਿਬ ਉੱਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਯੋਗ ਨਹੀਂ । ਪਾਠ ਕਰਨ ਸਮੇਂ, ਬੀੜ ਵਿਚ, ਕਾਗਜ਼ ਦੀਆਂ ਨਿਸ਼ਾਨੀਆਂ ਰਖਣੀਆਂ ਅਯੋਗ ਹਰਕਤ ਹੈ । ਇਸ ਕੰਮ ਲਈ-ਨੋਟ ਬੁਕ, ਮੰਜੀ ਸਾਹਿਬ ਦੇ ਹੇਠਾਂ ਜਾਂ ਜੇਬ ਵਿਚ ਰਖੀ ਜਾ ਸਕਦੀ ਹੈ ।

(੧੦) ਗੁਰੂ ਗਰੰਥ ਸਾਹਿਬ ਦੀ ਬੀੜ ਦਾ ਸੁਖਾਸਨ ਕਰਨ ਸਮੇਂ ਰੁਮਾਲੇ ਪ੍ਰੇਮ ਤੇ ਸਤਿਕਾਰ ਸਹਿਤ ਲਪੇਟਣੇ ਚਾਹੀਦੇ ਹਨ । ਰੁਮਾਲੇ ਵਿਚ ਵੱਟ ਨਹੀਂ ਰਹਿਣ ਦੇਣੇ ਚਾਹੀਦੇ । ਬੀੜ ਨੂੰ ਇਕ ਅਸਥਾਨ ਤੋਂ ਦੂਜੇ ਅਸਥਾਨ ਤੇ ਲੈ ਜਾਣ ਲਈ ਮੰਜੀ ਸਾਹਿਬ ਉਪਰ ਰੁਮਾਲੇ ਨਾਲ ਚੰਗੀ ਤਰ੍ਹਾਂ ਕਮਰਕੱਸਾ ਜ਼ਰੂਰੀ ਹੈ । ਇਸ ਤਰ੍ਹਾਂ ਨਾ ਕਰਨ ਦੀ ਲਾਪਰਵਾਹੀ ਕਈ ਵਾਰ ਬੇਅਦਬੀ ਦਾ ਕਾਰਨ ਬਣ ਜਾਂਦੀ ਹੈ ।

(੧੧) ਦੀਵਾਨ ਦੀ ਸਮਾਪਤੀ ਸਮੇਂ ਪਹਿਲਾਂ ਸੁਖ ਆਸਨ ਕਰਕੇ ਮਹਾਰਾਜ ਜੀ ਦੀ ਸਵਾਰੀ ਨੂੰ ਸੁਖ ਆਸਨ ਅਸਥਾਨ ਤੇ ਪਹੁੰਚਾਇਆ ਜਾਏ, ਫਿਰ ਸੰਗਤ ਆਪਣੇ ਆਪਣੇ ਘਰਾਂ ਜਾਂ ਕੰਮਾਂ ਕਾਜਾਂ ਨੂੰ ਜਾਏ । ਪਰ ਅਸੀਂ ਕੀ ਕਰਦੇ ਹਾਂ ਕਿ ਕਥਾ, ਕੀਰਤਨ ਤਾਂ ਸੁਣ ਲੈਂਦੇ ਹਾਂ ਪਰ ਫਿਰ ਕਾਹਲੀ ਕਰਕੇ, ਪ੍ਰਸ਼ਾਦ ਲੈ ਕੇ ਘਰ ਨੱਸਣ ਦੀ ਕਰਦੇ ਹਾਂ । ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ।

(੧੨) ਮਹਾਰਾਜ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਵਾਰੀ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਘੱਟੋ ਘੱਟ ਪੰਜ ਸਿੰਘ ਨਾਲ ਹੋਣੇ ਜ਼ਰੂਰੀ ਹਨ । ਕੋਸ਼ਿਸ਼ ਇਹ ਹੋਏ ਕਿ ਵੱਧ ਤੋਂ ਵੱਧ ਗਿਣਤੀ ਵਿਚ ਨਾਲ ਰਲਕੇ ਸ਼ਬਦ ਕੀਰਤਨ ਕੀਤਾ ਜਾਏ । ਰਸਤੇ ਨੂੰ ਪਹਿਲਾਂ ਹੀ ਸਾਫ ਕਰਾਇਆ ਜਾਵੇ ਤੇ ਪਾਣੀ ਦਾ ਛਿੜਕਾਉ ਖੁੱਲ੍ਹਾ ਹੋਣਾ ਚਾਹੀਦਾ ਹੈ ।

(੧੩) ਮੰਜੀ ਸਾਹਿਬ ਦੇ ਪਾਵੇ ਦਬਾਉਣੇ, ਜਾਂ ਪਾਵਿਆਂ ਨਾਲ ਰੱਖੜੀਆਂ ਬੰਨ੍ਹਣੀਆਂ, ਨੱਕ ਰਗੜਨੇ, ਰੁਮਾਲਾ ਚੁੱਕ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਨਾ, ਸੱਭ ਮਨਮਤ ਹੈ ਕਿਉਂਕਿ ਅਸਲ ਸੇਵਾ ਤੇ ਠੀਕ ਦਰਸ਼ਨ, ਗੁਰਬਾਣੀ ਨੂੰ ਵੀਚਾਰ ਨਾਲ ਪੜ੍ਹਨਾ, ਸੁਣਨਾ ਤੇ ਮੰਨਣਾ ਹੈ ।

ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਸਮੇਂ ਗੁਰਦੁਆਰਾ ਸਾਹਿਬ ਵਿਖੇ ਝਾੜੂ ਦੇਣਾ ਸ਼ੋਭਾ ਨਹੀਂ ਦਿੰਦਾ ।

(੧੪) ਗੁਰੂ ਦਰਬਾਰ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਜਿੱਥੇ ਠਾਠ੍ਹੀ ਬੰਨ ਕੇ ਜਾਂ ਨੰਗੇ ਸਿਰ ਗੁਰਦੁਆਰੇ ਨਹੀਂ ਆਈਦਾ, ਉੱਥੇ ਜੁਤੀਆਂ ਦੇ ਮਿਟੀ ਘੱਟੇ ਨਾਲ ਲਿੱਬੜੀਆਂ ਜੁਰਾਬਾਂ ਸਮੇਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਹੁਕਮ ਲੈਣਾ ਬੇਅਦਬੀ ਸਮਝੀ ਜਾਂਦੀ ਹੈ । ਇਹੋ ਜਿਹੀਆਂ ਗੱਲਾਂ ਦਾ ਧਿਆਨ ਰਖਣਾ ਜ਼ਰੂਰੀ ਹੈ ।

(੧੫) ਗੁਰਬਾਣੀ ਦੇ ਗੁਟਕੇ, ਪੋਥੀਆਂ ਜਾਂ ਉਹ ਕਾਗਜ਼ ਜਿਨ੍ਹਾਂ ਤੇ ਗੁਰਬਾਣੀ ਲਿਖੀ ਹੋਵੇ, ਮੰਦੀ ਥਾਂ ਤੇ ਨਹੀਂ ਸੁਟਣੇ ਚਾਹੀਦੇ । ਗੁਟਕਿਆਂ ਤੇ ਪੋਥੀਆਂ ਨੂੰ ਰੁਮਾਲਿਆਂ ਵਿਚ ਸਾਂਭ ਕੇ ਰਖਣਾ ਚਾਹੀਦਾ ਹੈ ।



www.AKJ.Org

## ਹੁਕਮ ਲੈਣ ਦੀ ਮਰਯਾਦਾ :-

ਗੁਰੂ ਗਰੰਥ ਸਾਹਿਬ ਜੀ ਦਾ ਹੁਕਮ 'ਸਿੱਖ ਰਹਿਤ ਮਰਯਾਦਾ' ਵਿੱਚ ਦੱਸੀ ਮਰਯਾਦਾ ਅਨੁਸਾਰ ਹੀ ਲੈਣਾ ਯੋਗ ਹੈ, ਜੋ ਇਸ ਪ੍ਰਕਾਰ ਹੈ—

**"ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਉਂ ਪਹਿਲਾਂ ਸ਼ਬਦ ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ । ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਤੇ ਸ਼ਬਦ ਸਾਰਾ ਪੜ੍ਹੋ । ਜੇ 'ਵਾਰ' ਹੋਵੇ ਤਾਂ ਪਉੜੀ ਵੀ ਪੜ੍ਹਨੀ ਚਾਹੀਏ : 'ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ । ਜੇ ਭਗਤ ਬਾਣੀ ਵਿਚੋਂ ਹੁਕਮ ਆਵੇ ਤਾਂ ਸ਼ਬਦ ਦੇ ਅੰਤ ਵਿੱਚ ਜਿਥੇ 'ਭਗਤ' ਦਾ ਨਾਮ ਆ ਜਾਵੇ ਤਾਂ ਉਸ ਤੁਕ ਉਤੇ ਭੋਗ ਪਾਇਆ ਜਾਵੇ ।"**

ਕਈ ਅਨਜਾਣ ਸੱਜਣ ਇਹ ਕਹਿੰਦੇ ਸੁਣੇ ਹਨ ਕਿ ਸਵੇਰੇ ਹੁਕਮ ਉਪਰੋਂ ਲੈਣਾ ਚਾਹੀਦਾ ਹੈ, ਸ਼ਾਮ ਨੂੰ ਹੇਠੋਂ ਤੇ ਦੁਪਹਿਰ ਨੂੰ ਵਿਚਕਾਰੋਂ, ਜੋ ਨਿਰੋਲ ਮਨਮਤ ਹੈ ।

ਕਈ ਵਾਰ ਜਦੋਂ 'ਮਹਲਾ ੯' ਦੀ ਬਾਣੀ ਦਾ ਜਾਂ ਹੋਰ ਕੋਈ ਵੈਰਾਗਮਈ 'ਵਾਕ' ਆਵੇ ਤਾਂ ਕਈ ਪਾਠੀ ਤੇ ਪ੍ਰੇਮੀ ਇਹ ਆਖਦੇ ਹਨ, "ਜੀ ! ਅੱਜ ਤਾਂ ਗੁਰੂ ਸਾਹਿਬ ਦਾ ਵਾਕ ਬੜਾ ਕਰੜਾ ਆਇਆ ਹੈ ।" ਕਈ ਸੰਤਾਂ ਨੇ ਆਪਣੇ ਸਿੱਖਾਂ ਨੂੰ ਇਹ ਵੀ ਸਿੱਖਿਆ ਦਿਤੀ ਹੋਈ ਹੈ ਕਿ ਜਦੋਂ ਕੋਈ ਅਜਿਹਾ ਕਰੜਾ ਹੁਕਮ ਆਵੇ ਤਾਂ ਉਹ ਗੁਰੂ ਸਾਹਿਬ ਨੂੰ ਵਾਪਸ ਕਰ ਦਿਆ ਕਰਨ' ਤੇ ਅਰਦਾਸ ਕਰਕੇ ਹੋਰ ਹੁਕਮ ਲੈ ਲਿਆ ਕਰਨ । ਇਸ ਤਰ੍ਹਾਂ ਦੀ ਸੋਚ ਰਖਣੀ ਨਿਰੋਲ ਮਨਮਤ ਤੇ ਮੂਰਖਤਾ ਭਰੀ ਅਗਿਆਨਤਾ ਹੀ ਕਹੀ ਜਾ ਸਕਦੀ ਹੈ । ਅਜੇਹੇ ਪਖੰਡੀਆਂ ਨੂੰ ਗੁਰਬਾਣੀ ਦੀ ਹੇਠ ਲਿਖੀ ਤੁਕ ਤੋਂ ਸੇਧ ਲੈ ਕੇ ਬਾਣੀ ਦੇ ਹੁਕਮਾਂ ਨੂੰ ਚੰਗਾ ਜਾਂ ਮਾੜਾ, ਕਰੜਾ ਜਾਂ ਨਰਮ ਕਹਿਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ :-

**ਮਿਠਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ ।। ਹਉ ਸੰਮਲਿ ਥਕੀ ਜੀ, ਓਹ ਕਦੇ ਨ ਬੋਲੈ ਕਉਰਾ ।।**

(ਪੰਨਾ-੭੮੪)

### ਗੁਰੂ ਗਰੰਥ ਸਾਹਿਬ ਦਾ ਪੂਰਨ ਸਤਿਕਾਰ ਕੀ ਹੈ ?

ਗੁਰੂ ਸਾਹਿਬ ਜੀ ਮਹਾਰਾਜ ਵਾਸਤੇ ਕੀਮਤੀ ਤੋਂ ਕੀਮਤੀ ਰੁਮਾਲੇ ਚੜ੍ਹਾ ਦੇਣੇ ਸਤਿਕਾਰ ਦਾ ਇਕ ਹਿੱਸਾ ਹੈ, ਪਰ ਪੂਰਨ ਸਤਿਕਾਰ ਨਹੀਂ, ਜਿਸ ਤਰ੍ਹਾਂ ਇਕ ਉਂਗਲ ਸਰੀਰ ਦਾ ਇਕ ਹਿੱਸਾ ਹੈ, ਪਰ ਪੂਰਨ ਸਰੀਰ ਨਹੀਂ । ਗੁਰੂ ਗਰੰਥ ਸਾਹਿਬ ਦੇ ਮਾਇਆ ਅਰਪਣ ਕਰ ਦੇਣੀ ਸਤਿਕਾਰ ਦਾ ਇਕ ਹਿੱਸਾ ਹੈ ਪਰ ਪੂਰਨ ਸਤਿਕਾਰ ਨਹੀਂ । ਗੁਰੂ ਗਰੰਥ ਸਾਹਿਬ ਜੀ ਨੂੰ ਚੌਰ ਕਰਨਾ ਸਤਿਕਾਰ ਦਾ ਇਕ ਹਿੱਸਾ ਹੈ, ਪਰੰਤੂ ਪੂਰਨ ਸਤਿਕਾਰ ਨਹੀਂ । ਚੰਦੋਆ ਤਾਣ ਦੇਣਾ, ਕੀਮਤੀ ਸਾਮਾਨ ਅਰਪਨ ਕਰ ਦੇਣਾ ਆਲੀਸ਼ਾਨ ਕਮਰੇ ਬਣਵਾ ਦੇਣਾ, ਸੋਨੇ ਚਾਂਦੀ ਦੀਆਂ ਪਾਲਕੀਆਂ ਵਿਚ ਪ੍ਰਕਾਸ਼ ਕਰ ਦੇਣਾ, ਬਾਹਰਮੁਖੀ ਸਤਿਕਾਰ ਦਾ ਇਕ ਅੰਗ ਤਾਂ ਜ਼ਰੂਰ ਹੈ ਪਰ ਪੂਰਨ ਸਤਿਕਾਰ ਕੱਤਈ ਨਹੀਂ । **ਗੁਰੂ ਗਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕੀ ਹੈ ? ਪੂਰਨ ਸਤਿਕਾਰ ਹੈ ਗੁਰੂ ਗਰੰਥ ਸਾਹਿਬ ਜੀ ਦੀ ਗੱਲ ਨੂੰ ਮੰਨ ਲੈਣਾ, ਹੁਕਮ ਨੂੰ ਮੰਨ ਲੈਣਾ ।**

**ਸੇਵਕ ਸਿਖ ਪੂਜਣ ਸਭਿ ਆਵਹਿ, ਸਭ ਗਾਵਹਿ ਹਰਿ ਹਰਿ ਊਤਮ ਬਾਨੀ ।।**
**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ, ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ ।।**

(ਧਨਾਸਰੀ ਮ: ੪ ਪੰਨਾ-੬੬੯)



www.AKJ.Org

ਅੱਜ ਦਾ ਸਿੱਖ ਕਹਿੰਦਾ ਹੈ ਕਿ ' ਗੁਰੂ ਜੀ ਮੈਂ ਤੁਹਾਡੇ ਅੱਗੇ ਪੈਸੇ ਤਾਂ ਮੱਥਾ ਟੇਕ ਸਕਦਾ ਹਾਂ ਪਰ ਤੁਹਾਡਾ ਹੁਕਮ ਨਹੀਂ ਮੰਨ ਸਕਦਾ । ਕੀਮਤੀ ਤੋਂ ਕੀਮਤੀ ਰੁਮਾਲਾ ਚੜ੍ਹਾ ਸਕਦਾ ਹਾਂ, ਕੜਾਹ ਪ੍ਰਸ਼ਾਦ ਦੀ ਦੇਗ ਅਰਪਨ ਕਰ ਸਕਦਾ ਹਾਂ, ਵਧੀਆ ਚੰਦੋਏ ਹੇਠ ਸੁਨਹਿਰੀ ਪਾਲਕੀਆਂ ਵਿਚ ਪ੍ਰਕਾਸ਼ ਕਰ ਸਕਦਾ ਹਾਂ, ਪਰ ਤੁਹਾਡੀ ਗੱਲ ਨਹੀਂ ਮੰਨ ਸਕਦਾ । ਮੈਂ ਤੁਹਾਨੂੰ ਹੋਰ ਸਭ ਕੁਝ ਅਰਪਨ ਕਰ ਸਕਦਾ ਹਾਂ, ਪਰ ਆਪਣਾ ਮਨ, ਆਪਣੀ ਮੱਤ ਤੁਹਾਡੇ ਅਰਪਨ ਨਹੀਂ ਕਰ ਸਕਦਾ ।

ਉਪਰੋਕਤ ਵਿਚਾਰ ਤੋਂ ਸਾਡਾ ਭਾਵ ਇਹ ਹੈ ਕਿ ਜਿੱਥੇ ਅਸੀਂ ਵਧੀਆ ਬਸਤਰ, ਕੀਮਤੀ ਰੁਮਾਲੇ, ਆਲੀਸ਼ਾਨ ਪਾਲਕੀਆਂ ਵਿੱਚ, ਵਧੀਆ ਚੰਦੋਏ ਹੇਠ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੀਏ, ਉੱਥੇ ਗੁਰੂ-ਹੁਕਮਾਂ ਨੂੰ ਮੰਨ ਕੇ ਜੀਵਨ ਵਿਚ ਧਾਰਨ ਕਰਕੇ, ਗੁਰੂ ਗਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਕਰਨ ਦੇ ਪਾਤਰ ਬਣੀਏ ।

## ਅਸੀਂ ਗੁਰਬਾਣੀ ਤੋਂ ਫਾਇਦਾ ਕਿਵੇਂ ਉਠਾਈਏ ?

ਸਾਡੇ ਵੱਡੇ ਭਾਗ ਹਨ ਕਿ ਸਾਡੇ ਪਾਸ ਗੁਰੂ ਗਰੰਥ ਸਾਹਿਬ ਜੀ, ਜੋ ਭਗਤੀ ਦਾ ਭੰਡਾਰ ਹਨ, ਜਿਹਨਾਂ ਵਿੱਚ ਅਨਮੋਲ ਰਤਨ, ਕੀਮਤੀ ਲਾਲ ਜਿਹਨਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ, ਅਜਿਹੇ ਸਿਖਿਆਦਾਇਕ ਅਮੋਲਕ ਬਚਨ ਹਨ ਪਰ ਅਸੀਂ ਇਤਨੇ ਆਲਸੀ ਤੇ ਮੰਦ ਭਾਗੇ ਹਾਂ ਕਿ ਅਸੀਂ ਗੁਰਬਾਣੀ ਦੇ ਇਹਨਾਂ ਮਨੋਹਰ ਬਚਨਾਂ ਦਾ ਪੂਰਾ ਪੂਰਾ ਫਾਇਦਾ ਨਹੀਂ ਉਠਾ ਰਹੇ । ਵਿਰਲੇ ਵਿਰਲੇ ਮਨੁੱਖ ਹਨ, ਜਿਹਨਾਂ ਨੇ ਗੁਰੂ ਗਰੰਥ ਸਾਹਿਬ ਜੀ ਦੇ ਪੂਰਨ ਸਰੂਪ ਦਾ ਠੀਕ ਢੰਗ ਨਾਲ ਦੀਦਾਰ ਕੀਤਾ ਹੋਵੇ । ਬਹੁਤੇ ਪ੍ਰਾਣੀ ਤਾਂ ਆਪਣੀ ਸਾਰੀ ਆਯੂ ਭੋਗ ਕੇ, ਬਿਨਾਂ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕੀਤੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ । ਹਰ ਸਿੱਖ ਵਾਸਤੇ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨਾ, ਜ਼ਰੂਰੀ ਕੰਮ ਹੈ ਪਰ ਅਸੀਂ ਇਸ ਵਲ ਕਦੇ ਧਿਆਨ ਹੀ ਨਹੀਂ ਦਿਤਾ । ਇਹੀ ਕਾਰਨ ਹੈ ਕਿ ਅਸੀਂ ਸਾਧਾਂ ਸੰਤਾਂ ਦੇ ਡੇਰਿਆਂ ਵਿੱਚ ਆਪਣੀਆਂ ਪੁੱਛਾਂ ਲਈ ਭਟਕਦੇ ਫਿਰਦੇ ਹਾਂ । ਨਾਮ ਕਿਵੇਂ ਜਪਣਾ ਹੈ ? ਮਨ ਕਾਬੂ ਨਹੀਂ ਆਉਂਦਾ, ਟਿਕਾਉ ਕਿਵੇਂ ਹੋਵੇ ਆਦਿ ? ਇਹਨਾਂ ਸਭਨਾਂ ਸੁਆਲਾਂ ਦਾ ਹੱਲ ਗੁਰੂ ਗਰੰਥ ਸਾਹਿਬ ਜੀ ਵਿੱਚ ਹੈ । ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ, ਜੇ ਮੇਰੇ ਨਾਲ ਗੱਲਾਂ ਕਰਨੀਆਂ ਹੋਣ ਤਾਂ ਗੁਰੂ ਗਰੰਥ ਸਾਹਿਬ ਦਾ ਪਾਠ ਕਰੋ, ਮੇਰੇ ਨਾਲ ਗੱਲਾਂ ਹੋਣਗੀਆਂ ਪਰ ਅਸੀਂ ਆਪਣੇ ਰੁਝੇਵੇਂ ਇਤਨੇ ਵਧਾ ਲਏ ਹਨ ਕਿ ਸਾਡੇ ਪਾਸ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨ ਲਈ ਸਮਾਂ ਹੀ ਨਹੀਂ ।

ਬਹੁਤੇ ਸਿੱਖ ਤਾਂ ਇਹੀ ਸਮਝਦੇ ਹਨ ਕਿ ਪਾਠ ਕਰਨਾ ਜਾਂ ਹੁਕਮ ਲੈਣਾ ਗੁਰਦੁਆਰਾ ਸਾਹਿਬ ਦੇ ਗਰੰਥੀ ਸਿੰਘ ਦਾ ਹੀ ਕੰਮ ਹੈ । ਇਹ ਸਾਡੇ ਵਾਸਤੇ ਕਿੰਨੀ ਸ਼ਰਮ ਦੀ ਗੱਲ ਹੈ ਕਿ ਸਾਡੇ ਵਿੱਚੋਂ ਬਹੁਤੀ ਗਿਣਤੀ ਗੁਰੂ ਗਰੰਥ ਸਾਹਿਬ ਤੋਂ ਵਾਕ ਵੀ ਨਹੀਂ ਲੈ ਸਕਦੀ । ਕੀ ਹਰ ਸਿੱਖ ਦਾ ਇਹ ਫਰਜ਼ ਨਹੀਂ ਕਿ ਉਹ ਆਪ ਗੁਰੂ ਗਰੰਥ ਸਾਹਿਬ ਦਾ ਪਾਠ ਕਰੇ ਤੇ ਆਪਣੇ ਬੱਚਿਆਂ ਨੂੰ ਵੀ ਸਿਖਾਵੇ ?

## ਸਾਨੂੰ ਕੀ ਕਰਨਾ ਚਾਹੀਦਾ ਹੈ ?

ਹਰ ਸਿੱਖ ਦਾ ਇਹ ਨਿੱਤ ਕ੍ਰਮ ਹੋਵੇ ਕਿ ਉਹ ਸਵੇਰੇ ਘੱਟੋ ਘੱਟ ਗੁਰੂ ਗਰੰਥ ਸਾਹਿਬ ਤੋਂ ਵਾਕ ਜ਼ਰੂਰ ਲਵੇ । ਚੰਗਾ ਤਾਂ ਇਹ ਹੈ ਕਿ ਹਰ ਸਿੱਖ ਆਪਣਾ ਸਹਿਜ ਪਾਠ ਜਾਰੀ ਰੱਖੇ ਅਤੇ ਜਿੰਨੇ ਸਮੇਂ ਵਿਚ ਹੋ ਸਕੇ, ਭੋਗ ਪਾਵੇ । ਅਖੰਡ ਪਾਠ ਦੀ ਥਾਂ ਸਹਿਜ ਪਾਠ ਰੱਖੇ ਜਾਣ , ਜੋ ਪਰਿਵਾਰ ਦੇ ਸਾਰੇ ਮੈਂਬਰ ਰਲ ਕੇ ਆਪ ਕਰਨ ।

(ਬਾਕੀ ਪੰਨਾ ੩ ਦੇ ਹੇਠਾਂ)



www.AKJ.Org

# ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ

[ਭਾਈ ਜੋਗਿੰਦਰ ਸਿਘ ਜੀ ਤਲਵਾੜਾ]

ਪ੍ਰਸ਼ਨ:- ਸ੍ਰੀ ਜਪੁ ਜੀ ਸਾਹਿਬ ਦਾ ਫੁਰਮਾਨ ਹੈ:-

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।**

ਹਉਮੈਂ ਦੀ ਵਿਆਖਿਆ ਕਰੋ ?

(ਹਉਮੈ - ਲਛਣ)

ਉਤਰ:- "ਹਉਮੈਂ" ਦੋ ਸਮ - ਅਰਥੀ ਸ਼ਬਦਾਂ 'ਹਉ ਅਤੇ ਮੈਂ' ਦਾ ਸਮਾਸ ਹੈ। ਇਸ ਸਮਾਸ ਦਾ ਸ਼ਬਦੀ ਅਰਥ ਹੈ 'ਅਹੰ - ਭਾਵ' ਅਤੇ ਇਸ ਦਾ-ਭਾਵ - ਅਰਥ ਹੈ 'ਕਰਤਾ ਪੁਰਖ ਤੋਂ ਅੱਡਰੀ ਹੋਂਦ ਦਾ ਅਹਿਸਾਸ'। ਕਈ ਵੀਰ 'ਹਉਮੈਂ ਅਤੇ ਹੰਕਾਰ ਨੂੰ ਸਮ - ਆਰਥੀ ਸਮਝਦੇ ਹਨ, ਪਰ ਅਜਿਹਾ ਹੈ ਨਹੀਂ। ਹੰਕਾਰ ਪੰਜ ਵਿਸ਼ਿਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚੋ ਇਕ ਪ੍ਰਬਲ ਵਿਸ਼ਾ ਹੈ, ਜਦ ਕਿ 'ਹਉਮੈਂ' ਸਾਰੇ ਵਿਸ਼ੇ ਵਿਕਾਰਾਂ ਦੀ ਦਾਦੀ - ਅੰਮਾ ਹੈ। ਹਉਮੈ ਅਤੇ ਹੰਕਾਰ ਦੋਹਾਂ ਦਾ ਮੀਲ - ਧੁਰਾ 'ਮੈਂ -ਮੇਰੀ" ਹੀ ਹੈ, ਪਰ ਜਿਥੇ ਇਹਨਾਂ ਦਾ ਸੰਬੰਧ - ਖੇਤਰ ਵੱਖਰਾ ਵੱਖਰਾ ਹੈ ਉਥੇ ਇਹਨਾਂ ਦਾ ਭਾਵ - ਅਰਥ ਵੀ ਵੱਖ ਵੱਖ ਹੈ। ਹਉਮੈ ਦੀ ਮੈਂ - ਮੇਰੀ ਜੀਵ ਦੇ ਕਰਤਾ ਪੁਰਖ ਤੋਂ ਅਡਰੀ ਹੋਂਦ ਦੇ ਅਹਿਸਾਸ ਦੀ ਸੂਚਕ ਹੈ ਜਦ ਕਿ ਹੰਕਾਰ ਦੀ ਮੈਂ - ਮੇਰੀ ਇਕ ਜੀਵ ਦੀ ਸਮਾਜ ਦੇ ਦੂਜੇ ਜੀਵਾਂ ਪ੍ਰਤੀ ਆਕੜ ਅਤੇ ਘਿਰਨਾ ਮਿਲਵੀ ਭਾਵਨਾ ਦੀ ਸੂਚਕ ਹੈ। ਗੁਰਬਾਣੀ ਦੀ ਹੇਠ ਲਿਖੀ ਪੰਗਤੀ ਤੋ ਸੱਪਸ਼ਟ ਸੰਕੇਤ ਮਿਲਦਾ ਹੈ ਕਿ ਹਉਮੈ (ਅਹੰ - ਰੋਗ) ਹੰਕਾਰ ਤੋਂ ਵਖਰੀ ਬਲਾਅ ਹੈ:-

**ਐਸੋ ਗੁਨੁ ਮੇਰੋ ਪ੍ਰਭ ਜੀ ਕੀਨ।। ਪੰਚ ਦੋਖੁ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ।। ਰਹਾਉ।।**

(ਪੰਨਾ-੭੧੬)

ਜੀਵ ਦਾ ਅਜਿਹਾ ਅਹਿਸਾਸ ਬਿਲਕੁਲ ਨਿਰਮੂਲ ਹੈ, ਕਿਉਂ ਜੁ ਹਰ ਕੋਈ ਕਰਤਾ ਪੁਰਖ ਵਿਚ ਵਸਦਾ ਹੈ ਅਤੇ ਹਰੇਕ ਵਿਚ ਕਰਤਾ ਪੁਰਖ ਓਤ - ਪੋਤ ਵਿਆਪਕ ਹੋਇਆ ਪਿਆ ਹੈ। ਸੋ, ਇਸ ਪਾਸੇ ਤਾਂ ਇਹ ਅਡਰੀ ਹੋਂਦ ਦਾ ਅਹਿਸਾਸ ਅਸਲੀਅਤ ਤੇ ਵਿਰੁਧ ਹੋਣ ਕਰਕੇ ਬਿਲਕੁਲ ਥੋਥਾ ਹੈ ਅਤੇ ਦੂਜੇ ਪਾਸੇ ਕਰਤਾ ਕਰਤਾ - ਪੁਰਖ ਨਾਲ ਸ਼ਰੀਕਾ ਕਰਨ ਦੇ ਤੁਲ ਹੋਣ ਕਰਕੇ ਜੀਵ ਦੀ ਹਮਾਕਤ ਭਰੀ ਸ਼ੇਖੀ ਦਾ ਸੂਚਕ ਹੈ ਅਤੇ ਖੁਮਾਰੀ ਦਾ ਮੂਲ ਕਾਰਨ ਹੈ।

ਵਾਸਤਵ ਵਿਚ 'ਹਉਮੈਂ ਨਿਰਾ 'ਭਰਮ' ਹੈ, ਜਿਸ ਦਾ ਮੂਲ ਕਾਰਨ ਅਗਿਆਨਤਾ ਹੈ। ਕਰਤਾ - ਪੁਰਖ ਵਲੋਂ ਜੀਵ ਨੂੰ ਕਰਤਾਰੀ ਸ਼ਕਤੀ ਪ੍ਰਦਾਨ ਕੀਤੀ ਹੋਈ ਹੈ, ਜਿਸ ਦੇ ਬਲ - ਬੋਤੇ ਜੀਵ ਆਪਣੇ ਜੀਵਨ ਵਿਚ ਬੜਾ ਕੁਝ ਕਰਦਾ ਹੈ। ਮਾਇਆ ਦੇ ਪ੍ਰਬਲ ਪ੍ਰਭਾਵ ਕਾਰਨ ਅਗਿਆਨਤਾ ਵਿਚ ਗ੍ਰਸਿਆ ਜੀਵ ਆਪਣੇ ਵਿਚਲੀ ਕਰਤਾਰੀ - ਸ਼ਕਤੀ ਨੂੰ ਕਰਤਾ ਪੁਰਖ ਦੀ ਦਾਤਿ ਸਮਝਣ ਦੀ ਬਜਾਏ, ਆਪਣੇ ਆਪ ਨੂੰ ਸੁਤੰਤਰ ਕਰਤਾ ਸਮਝਣ ਦੇ ਭਰਮ ਦਾ ਸ਼ਿਕਾਰ ਹੋ ਜਾਂਦਾ ਹੈ। ਬਸ ਇਹ ਹੀ ਹਉਮੈ ਹੈ।

## ਹਉਮੈ ਦੀ ਉਪਜ

ਗੁਰਬਾਣੀ ਦੇ ਅਧਿਐਨ ਤੋਂ ਸੋਝੀ ਹੁੰਦੀ ਹੈ ਕਿ 'ਹਉਮੈਂ ਕਰਤਾ ਪੁਰਖ ਦੇ ਹੁਕਮ ਅਧੀਨ ਹੀ ਹੋਂਦ ਵਿਚ ਆਈ ਹੋਈ ਹੈ ਅਤੇ ਕਰਤਾ ਪੁਰਖ ਨੇ ਆਪ ਹੀ ਜਗਤ - ਖੇਡ ਚਲਾਉਣ ਲਈ ਸਾਰੇ ਜੀਵਾਂ ਅੰਦਰ ਪਾਈ ਹੋਈ ਹੈ; ਗੁਰਵਾਕ:-

**ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ।।**
**ਜਨਮ ਮਰਣੁ ਉਸਹੀ ਕਉ ਹੈ ਰੇ ਓਹਾ ਆਵੈ ਜਾਈ।। ੩।। ੪।।** (ਮਾਰੂ ਮ: ੫ ਪੰਨਾ-੯੯੯)

ਕਰਤਾ-ਪੁਰਖ ਹੁਕਮ ਵਿੱਚ ਰਚੀ ਹੋਈ ਅਤੇ ਜੀਵਾਂ ਨੂੰ ਰਬੀ ਵਿਉਂਤ ਅਧੀਨ ਤੱਥੀ ਦਾਤਿ ਵਜੋਂ ਪ੍ਰਦਾਨ ਕੀਤੀ ਹੋਈ ਕੋਈ ਵਸਤੂ ਬੁਰੀ ਕਿਵੇਂ ਹੋ ਸਕਦੀ ਹੈ ? ਗੁਰਬਾਣੀ ਦਾ ਫੁਰਮਾਨ ਹੈ:-



www.AKJ.Org

**ਇਸ ਤੇ ਹੋਇ ਸੁ ਨਾਹੀ ਬੁਰਾ ।। ਓਰੈ ਕਹਹੁ ਕਿਨੈ ਕਛੁ ਕਰਾ।।੧।।੨੩।। (ਪੰਨਾ-੨੯੪)**

ਇਸ ਵਿਚ ਜ਼ਰੂਰ ਕੋਈ ਰਹੱਸ ਹੈ, ਜਿਸ ਨੂੰ ਨਾ ਸਮਝਣ ਕਰਕੇ ਜੀਵ ਹਉਮੈ ਦੇ ਸਹੀ ਪ੍ਰਯੋਗ ਦੁਆਰਾ ਲਾਭ ਪ੍ਰਾਪ੍ਰਤ ਕਰਨ ਦੀ ਬਜਾਏ ਇਸ ਦੇ ਗਲਤ ਪ੍ਰਯੋਗ ਕਾਰਨ ਖੁਆਰੀ ਦਾ ਰਾਹ ਸਹੇੜ ਲੈਂਦਾ ਹੈ।

## ਹਉਮੈ ਦੀਰਘ ਰੋਗ- ਹਉਮੈ ਦਾਰੂ

ਗੁਰਬਾਣੀ ਭਾਵ ਗੁਰੂ ਗਿਆਨ ਮੁਜਬ ਹਉਮੈ ਦੀਰਘ ਰੋਗ ਹੈ ਪਰ ਇਸ ਦੀਰਘ ਰੋਗ ਦਾ ਦਾਰੂ ਵੀ ਹਉਮੈ ਵਿਚ ਹੀ ਹੈ। ਓਪਰੀ ਨਜ਼ਰੇ ਵੇਖਿਆਂ ਇਹ ਕਥਨ ਸ੍ਵੈ-ਵਿਰੋਧੀ ਜਾਪਦਾ ਹੈ, ਪਰ ਗੁਰਬਾਣੀ ਦੇ ਚਾਨਣ ਵਿਚ ਬਿਬੇਕ ਬੁਧੀ ਨਾਲ ਵਿਚਾਰ ਕਰਨ ਨਾਲ ਗੁਥੀ ਸੁਲਝ ਜਾਂਦੀ ਹੈ। ਜਿਵੇਂ ਗੁਰੂ ਬਾਬਾ ਜੀ ਨੇ "ਦੁਖੁ ਦਾਰੂ ਸੁਖੁ ਰੋਗੁ ਭਇਆ—" ਵਾਲੀ ਪੰਗਤੀ ਵਿੱਚ ਇਕ ਗੁਹਜ ਗੱਲ ਕੀਤੀ ਹੋਈ ਹੈ, ਇਸ ਪੰਗਤੀ (**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ**) ਵਿਚ ਵੀ ਗੁਹਜ ਰਹੱਸ ਹੈ —

ਜਿਥੋਂ ਤਕ ਹਉਮੈ ਦੇ ਦੀਰਘ ਰੋਗ ਹੋਣ ਦਾ ਸੰਬੰਧ ਹੈ, ਇਹ ਇਕ ਮਾਨਸਿਕ ਰੋਗ ਹੈ, ਜੋ ਵਿਸ਼ਵ ਵਿਆਪੀ ਹੈ। ਹਰ ਮਨੁੱਖ ਮਾਤ੍ਰ ਇਸ ਰੋਗ ਨਾਲ ਪੀੜਤ ਹੈ। ਹਉਮੈ ਪ੍ਰਭੂ ਨਾਲੋਂ ਵਿਛੋੜੇ ਦਾ ਮੂਲ ਕਾਰਨ ਹੈ, ਇਸ ਲਈ ਇਸ ਨੂੰ ਗੁਰਬਾਣੀ ਵਿੱਚ ' ਦੁਸਟੀ' ਕਿਹਾ ਗਿਆ ਹੈ। ਇਹ ਮਨੁਖੀ ਅਕਲ ਤੇ ਪੜਦਾ ਪਾ ਦੇਂਦੀ ਹੈ, ਇਸ ਲਈ ਇਹ ਇਕ ' ਵੱਡਾ ਗੁਬਾਰ' ਹੈ, ਮਨ ਨੂੰ ਚਿੰਬੜੀ ਮੈਲ ਹੈ। ਗੁਰਬਾਣੀ ਵਿੱਚ ਇਸ ਨੂੰ ' ਕੰਡੇ' ਨਾਲ ਤੁਲਨਾ ਦਿਤੀ ਗਈ ਹੈ, ਜਿਸ ਦੀ ਚੋਭ ਜੀਵਨ ਪ੍ਰਯੰਤ ਮਨੁੱਖ ਨੂੰ ਦੁਖੀ ਕਰ ਰਖਦੀ ਹੈ। ਹਉਮੈ ਇਕ ਕਿਸਮ ਦੀ ' ਅੱਗ ' ਹੈ, ਜੋ ਸਦਾ ਦੁਖਾਂ ਦਾ ਤੰਦੂਰ ਤਾਈ ਰੱਖਦੀ ਹੈ। ਹਉਮੈਂ ਇਕ ' ਪੇਖੜ ' ਹੈ, ਜੋ ਮਨੁਖ ਨੂੰ ਰੱਬੀ ਰਾਹ ਤੇ ਚਲਣ ਵਿਚ ਵੱਡੀ ਰੁਕਾਵਟ ਹੈ । ਹਉਮੈ ਇਕ ਅਜਿਹੀ 'ਬਿਖ' ਹੈ, ਜੋ ਮਨੁੱਖ ਦੀ ਸਮੁਚੀ ਸ਼ਖਸੀਅਤ ਨੂੰ ਵਿਸ਼ੈਲਾ ਕਰ ਸੁਟਦੀ ਹੈ। ਹਉਮੈ ਇਕ 'ਡੈਣ' ਹੈ , ਜੋ ਜੀਵਨ ਪ੍ਰਯੰਤ ਮਨੁਖ ਦਾ ਖੂਨ ਪੀਂਦੀ ਰਹਿੰਦੀ ਹੈ।

ਸ੍ਰੀ ਆਸਾ ਕੀ ਵਾਰ ਦੀ ਸੱਤਵੀਂ ਪਉੜੀ ਨਾਲ ਸੰਬੰਧਤ ਸਲੋਕਾਂ ਵਿਚ ਹਉਮੈ ਅਤੇ ਮਨੁੱਖੀ ਜੀਵਨ ਵਿਚ ਇਸ ਦੇ ਪਸਾਰੇ ਦੀ ਭਰਪੂਰ ਵਿਆਖਿਆ ਕੀਤੀ ਮਿਲਦੀ ਹੈ। ਦਸਿਆ ਗਿਆ ਹੈ, ਜੀਵ ਹਉਮੈ ਅਧੀਨ ਜੰਮਦਾ ਮਰਦਾ ਹੈ, ਹਉਮੈ ਅਧੀਨ ਹੀ ਦੇਂਦਾ ਲੈਂਦਾ ਹੈ, ਖਟਦਾ ਗਵਾਉਂਦਾ ਹੈ। ਜੇ ਸਚਿਆਰ ਬਣਦਾ ਹੈ ਤਾਂ ਹਉਮੈ ਵਿਚ ਤੇ ਜੇ ਕੂੜਿਆਰ ਬਣਦਾ ਹੈ ਤਾਂ ਉਹ ਵੀ ਹਉਮੈ ਵਿਚ ਹੀ। ਪਾਪ ਅਤੇ ਪੁੰਨ ਦੀ ਵੀਚਾਰ ਵੀ ਹਉਮੈ ਦਾ ਸ਼ਿਕਾਰ ਹੋਇਆਂ ਹੀ ਕਰਦਾ ਹੈ। ਇਸ ਦਾ ਹਸਣਾ, ਰੋਣਾ, ਭਰਨਾ, ਧੋਣਾ, ਸਾਰਾ ਕੁਝ ਹਉਮੈ ਵਿੱਚ ਹੀ ਹੁੰਦੀ ਹੈ. ਹਉਮੈ ਵਿੱਚ ਅੰਨ੍ਹੇ ਹੋਏ ਨੂੰ ਮੋਖ ਮੁਕਤ ਦੀ ਸਾਰ ਸੋਝੀ ਹੀ ਨਹੀਂ ਪੈਂਦੀ।

**ਹਉ ਵਿਚਿ ਆਇਆ ਹਉ ਵਿਚ ਗਇਆ।। ਹਉ ਵਿਚ ਜੰਮਿਆ ਹਉ ਵਿਚਿ ਮੁਆ।।**
**ਹਉ ਵਿਚਿ ਦਿਤਾ ਹਉ ਵਿਚਿ ਲਇਆ।। ਹਉ ਵਿਚਿ ਖਟਿਆ ਹਉ ਵਿਚਿ ਗਇਆ।।**
**ਹਉ ਵਿਚਿ ਸਚਿਆਰੁ ਕੂੜਿਆਰੁ।। ਹਉ ਵਿਚਿ ਪਾਪ ਪੁੰਨ ਵੀਚਾਰੁ।।**
**ਹਉ ਵਿਚਿ ਨਰਕਿ ਸੁਰਗਿ ਅਵਤਾਰ।। ਹਉ ਵਿਚਿ ਹਸੈ ਹਉ ਵਿਚਿ ਰੋਵੈ।।**
**ਹਉ ਵਿਚਿ ਭਰੀਐ ਹਉ ਵਿਚਿ ਧੋਵੈ।। ਹਉ ਵਿਚਿ ਜਾਤੀ ਜਿਨਸੀ ਖੋਵੈ।।**
**ਹਉ ਵਿਚਿ ਮੂਰਖ ਹਉ ਵਿਚਿ ਸਿਆਣਾ।। ਮੋਖ ਮੁਕਤਿ ਕੀ ਸਾਰ ਨ ਜਾਣਾ।। ਸਲੋਕ ੧-੭।। (ਪੰਨਾ-੪੬੬)**

ਅੱਗੇ ਜਾ ਕੇ ਦੂਜੇ ਸਲੋਕ ਵਿੱਚ ਫੁਰਆਇਆ ਹੈ ਕਿ ਇਹ ਹਉਮੈ ਹੀ ਹਰੇਕ ਜੀਵ ਦੀ ਜ਼ਾਤ (ਸ਼ਖਸੀਅਤ) ਦੀ ਨੀਂਹ ਹੈ। ਜੀਵ ਹਉਮੈ ਵਿਚ ਹੀ ਸਾਰੇ ਕਰਮ ਕਰਦੇ ਹਨ। ਹਉਮੈ ਅਧੀਨ ਸਾਰੇ ਬੰਧਨ ਸਹੇੜਦੇ ਹਨ। ਜਿਸ ਦੇ ਫਲ ਸਰੂਪ ਬਾਰ ਬਾਰ ਜੂਨਾਂ ਵਿਚ ਭਟਕਦੇ ਹਨ। ਫਿਰ ਆਪ ਹੀ ਪ੍ਰਸ਼ਨ ਕੀਤਾ ਹੈ ਕਿ ਹਉਮੈ ਕਿਥੋਂ ਪੈਦਾ ਹੁੰਦੀ ਹੈ? ਕਿਸ ਸੰਜਮ ਨਾਲ ਨਵਿਰਤ ਹੋ ਸਕਦੀ ਹੈ? ਉਤਰ ਹੈ ਕਿ ' ਹੁਕਮ' , ' ਕਿਰਤੁ ' ਦੇ ਰੂਪ ਵਿਚ ਜੀਵਾਂ ਦੇ ਮੱਥੇ ਉਤੇ ਲਿਖਿਆ ਹੋਇਆ ਹੈ ਜਿਸ ਅਧੀਨ ਜੀਵ ਹਉਮੈ ਵਿੱਚ ਵਿਚਰਦੇ ਹਨ।



www.AKJ.Org

ਅੱਗੇ ਇਕ ਬੜੀ ਵਿਲਖਣ ਗੱਲ ਦਸੀ ਹੈ ਕਿ ਹਉਮੈ ਦੀਰਘ ਰੋਗ ਹੈ। ਪਰ ਇਸ ਰੋਗ ਨੂੰ ਨਵਿਰਤ ਕਰਨ ਦਾ ਦਾਰੂ ਵੀ ਇਸੇ (ਹਉਮੈ) ਵਿਚ ਹੈ-

**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ।। ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।।**
**ਹਉਮੈ ਕਿਥਹੁ ਉਪਜੈ ਕਿਤੁ ਸੰਜਮਿ ਇਹ ਜਾਇ।। ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ।।**
**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।। ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।।**
**ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।। ੨।।-੭।। (ਪੰਨਾ-੪੬੬)**

ਹਉਮੈ ਦੇ ਦੀਰਘ ਰੋਗ ਦੀ ਗੱਲ ਤਾਂ ਸਮਝ ਵਿੱਚ ਪੈਂਦੀ ਹੈ, ਪਰ ਇਸ ਦੇ ਦਾਰੂ ਹੋਣ ਵਾਲੀ ਗੱਲ ਰਹੱਸ-ਮਈ ਰਮਜ਼ ਹੈ, ਜੋ ਡੂੰਘੀ ਵਿਚਾਰ ਦੀ ਮੰਗ ਕਰਦੀ ਹੈ।

## ਜੀਵ ਦਾ ਅਸਲੀ ਆਪਾ

ਪੰਜ ਭੂਤਕੀ ਮੱਨੁਖੀ ਸਰੀਰ ਇਕ ਮਿਟੀ ਦੀ ਮੜੋਲੀ ਹੈ। ਇਸ ਵਿਚਲੀ ਚੇਤਨ-ਸੱਤਾ, ਜਿਸ ਦੇ ਆਸਰੇ ਇਹ ਸਰੀਰ ਚਲਦਾ ਫਿਰਦਾ ਕੰਮ ਕਾਜ ਆਦਿ ਕਰਦਾ ਹੈ, ਦਾ ਨਾਉਂ 'ਆਤਮਾ' ਹੈ। ਇਹ ਆਤਮਾ ਬ੍ਰਹਮ ਜੋਤਿ ਦੀ ਅੰਸ ਹੈ। ਵਾਸਤਵ ਵਿਚ ਇਹ ਆਤਮਾ ਜੋਤਿ ਹੀ ਮਨੁੱਖ ਦਾ 'ਅਸਲੀ ਆਪਾ' ਹੈ। ਇਸ ਨੂਰੀ-ਆਪੇ ਦਾ ਅਹਿਸਾਸ ਮੱਨੁਖੀ ਮਨ ਨੂੰ ਪਰਮ ਆਪੇ ਵਲ ਆਕਰਸ਼ਤ ਕਰ ਕੇ ਉਸ ਵਿਚ ਲੀਨ ਹੋਣ ਲਈ ਉਤਸ਼ਾਹਤ ਕਰਦਾ ਹੈ। ਏਸੇ ਲਈ ਗੁਰਬਾਣੀ ਵਿਚ ਇਸ ਆਪੇ ਨੂੰ ਚੀਨਣ ( ਪਛਾਣ ਕਰਨ) ਦੀ ਬਾਰ ਬਾਰ ਤਾਕੀਦ ਕੀਤੀ ਮਿਲਦੀ ਹੈ।

ਚੂੰਕਿ ਇਹ 'ਆਪਾ' ਨੂਰੀ ਹੈ, ਇਸ ਲਈ ਇਸ ਦੀ ਪਛਾਣ ਦੇਰ ਤਕ ਹੋਣੀ ਸੰਭਵ ਨਹੀਂ ਜਿੰਨੀ ਦੇਰ ਤਕ ਜੀਵ ਦੀ ਦਿਬ ਦ੍ਰਿਸ਼ਟੀ ਨਹੀਂ ਖੁਲ੍ਹਦੀ। ਦਿਬ-ਦ੍ਰਿਸ਼ਟੀ ਦੇ ਪ੍ਰਕਾਸ਼ ਲਈ ਗੁਰਬਾਣੀ ਜੀਵ ਨੂੰ ਗੁਰੂ ਦੀ ਸ਼ਰਨ ਲੈਣ ਅਤੇ ਗੁਰ ਦੀਖਿਅਤ ਹੋ ਕੇ ਸ਼ਬਦ ਕਮਾਈ ਕਰਨ ਦੀ ਪ੍ਰੇਰਨਾ ਦਿੰਦੀ ਹੈ:-

**੧) ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ।।**
**'ਆਪੁ' ਪਛਾਣੈ ਹਰਿ ਮਿਲੈ, ਬਹੁੜਿ ਨ ਮਰਣਾ ਹੋਇ।।੮।। (ਪੰਨਾ-੧੪੧੦-੧੧)**
**੨) ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।। 'ਆਪੁ' ਪਛਾਣੈ ਬੂਝੈ ਸੋਇ"**
**ਗੁਰ ਪਰਸਾਦਿ ਕਰੇ ਬੀਚਾਰੁ।। ਸੋ ਗਿਆਨੀ ਦਰਗਹ ਪਰਵਾਣੁ।। ੪।। ੩੦।।(ਪੰਨਾ-੨੫)**
**੩) ਸੋ ਬਉਰਾ ਜੋ ਆਪੁ ਨ ਪਛਾਨੈ।। ਆਪ ਪਛਾਨੈ ਤ ਏਕੈ ਜਾਨੈ।।੪।। ੨।। (ਪੰਨਾ-੮੫੫)**

## ਜੀਵ ਦਾ ਕਲਪਿਤ ਆਪਾ

ਪਰਮਾਤਮਾ ਅਦ੍ਰਿਸ਼ਟ ਹੈ ਅਤੇ ਉਸਦੀ ਘਟ ਘਟਵਿੱਚ ਵਿਆਪਕ ਆਤਮਾ ਜੋਤਿ ਵੀ ਅਦ੍ਰਿਸ਼ਟ ਹੈ। ਦੂਜੇ ਪਾਸੇ ਪਰਮਾਤਮਾ ਵਲੋਂ ਸਿਰਜੀ ਕੁਦਰਤਿ ਅਥਵਾ ਪਰਕਿਰਤੀ ਦ੍ਰਿਸ਼ਟਮਾਨ ਹੈ। ਪਾਰਬ੍ਰਹਮ ਦਾ ਦ੍ਰਿਸ਼ਟਮਾਨ ਕੁਦਰਤਿ-ਪਰਸਾਰਾ ਏਨਾ ਸੁੰਦਰ, ਪ੍ਰਬਲ ਅਤੇ ਪ੍ਰਭਾਵ-ਸ਼ਾਲੀ ਹੈ ਕਿ ਮੱਨੁਖੀ ਮਨ ਬਦੋ ਬਦੀ ਇਸ ਦੀ ਚਮਕ ਦਮਕ ਤੋਂ ਲੁਭਾਇਮਾਨ ਹੋ ਕੇ ਜਗਤ ਦੇ ਮਾਲਿਕ ਪਰਮਾਤਮਾ ਤੋਂ ਅਤੇ ਸਰੀਰ ਵਿਚ ਵਸਦੀ ਉਸਦੀ ਅੰਸ਼ (ਆਤਮਾ-ਜੋਤਿ) ਤੋਂ ਅਤੇ ਜੀਵਨ ਦੀ ਸਾਰੀ ਪਰਕਿਰਿਆ ਇਸ ਫ਼ਰਜੀ ਆਪੇਅਥਵਾ ਦੂਜੇ ਭਾਵ ਅਧੀਨ ਕਰਦਾ ਹੈ। ਇਹ ਦੂਜਾ ਭਾਵ ਜਾਂ ਕਹੋ ਆਪਾ-ਭਾਵ ਹੀ ਹੈ, ਜੋ ਪ੍ਰਭੂ ਮਿਲਾਪ ਦੇ ਰਾਹ ਵਿੱਚ ਵਡੀ ਰੁਕਾਵਟ ਹੈ। ਇਸ ਦੂਜੇ ਭਾਵ ਕਰਕੇ ਹੀ ਜੀਵ ਜੂਨਾਂ ਵਿਚ ਭਟਕਦਾ ਤੇ ਖੁਆਰ ਹੁੰਦਾ ਫਿਰਦਾ ਹੈ। ਇਸ ਆਪਾ-ਭਾਵ ਅਥਵਾ ਦੂਜੇ ਭਾਵ ਨੂੰ ਮੇਟਣ ਦੀ ਗੁਰਬਾਣੀ ਅੰਦਰ ਬਾਰ ਬਾਰ ਤਾਕੀਦ ਕੀਤੀ ਹੋਈ ਹੈ।

**ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ।। ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ।। ੬੩।।**
**(ਪੰਨਾ-੧੪੨੦)**

**ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ।।**



www.AKJ.Org

ਆਪੁ ਛੋਡਿ ਜੀਵਤ ਮਰੇ ਗੁਰ ਕੈ ਸਬਦਿ ਵੀਚਾਰ।। ੪।। ੨੦।। ੫੩।। (ਪੰਨਾ-੩੪
ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚ ਜਾਣੈ ਸੋਈ।।
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ।। ੨੩।। ( ਪੰਨਾ- ੯੪੦)
ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ।।
ਦੂਜੇ ਭਾਵੀ ਨਾਨਕਾ ਵਹਣਿ ਲੁੜੰਦੜੀ ਜਾਇ।। ੧੬।। (ਪੰਨਾ-੧੪੨੫)

ਨੂਰੀ ਆਪਾ - ਇਕ ਬਖਸ਼ਿਸ਼

## ਕਲਪਿਤ- ਆਪਾ, ਇੱਕ ਬਲਾਅ

ਉਪ੍ਰੋਕਤ ਵਿਚਾਰ ਤੋਂ ਇਹ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ' ਹਉਮੈਂ ਆਪੇ ਅਹਿਸਾਸ ਦੀ ਪ੍ਰਤੀਕ ਹੈ। ਨੂਰੀ ਆਪੇ ਦਾ ਅਹਿਸਾਸ ਮਨੁਖੀ ਮਨ ਨੂੰ ਪਰਮ- ਆਪੇ ਵਿਚ ਲੀਨ ਹੋਣ ਲਈ ਉਤਸ਼ਾਹਤ ਕਰਦਾ ਹੈ ਅਤੇ ਇਸ ਤਰ੍ਹਾਂ ਇਹ ਨਿਰਸੰਦੇਹ ਇਕ ਰੱਬੀ ਬਖਸ਼ਸ਼ ਸਾਬਤ ਹੁੰਦਾ ਹੈ। ਪਰ ਦੂਜੇ ਪਾਸੇ ਮਾਇਆ ਦੇ ਪ੍ਰਭਾਵ ਅਧੀਨ ਉਸਰੇ ਫਰਜ਼ੀ- ਆਪੇ ਦਾ ਅਹਿਸਾਸ ਦੂਜਾ- ਭਾਵ ਹੋ ਨਿਬੜਦਾ ਹੈ, ਜੋ ਮਨੁੱਖੀ ਮਨ ਨੂੰ ਵਿਕਾਰਾਂ ਦੇ ਜਾਲ ਵਿਚ ਫਸਾ ਕੇ ਪਰਮ ਆਪੇ ਤੋਂ ਵਿਛੋੜਨ ਦਾ ਮੂਲ ਕਾਰਨ ਬਣ ਜਾਂਦਾ ਹੈ। ਇਸ ਤਰ੍ਹਾ ਇਹ ਇਕ ਵੱਡੀ ਬਲਾਅ ਹੈ।

ਸੋ ਉਪ੍ਰੋਕਤ ਵੀਚਾਰ ਦੀ ਰੌਸ਼ਨੀ ਵਿੱਚ ਗੁਰੂ ਬਾਬਾ ਜੀ ਦਾ ਰਹਸ- ਮਈ ਉਪਦੇਸ਼ ਸਮਝ ਗੋਚਰਾ ਹੋ ਜਾਂਦਾ ਹੈ ਕਿ ਹਉਮੈ ਜੇ ਫਰਜ਼ੀ ਆਪੇ ਦੇ ਅਹਿਸਾਸ ਤੇ ਅਧਾਰਤ ਹੈ ਤਾਂ ਇਹ ਇਕ ਦੀਰਘ ਰੋਗ ਹੈ, ਜੋ ਜੀਵ ਦਾ ਬ੍ਰਹਮ ਨਾਲੋਂ ਜਨਮ ਜਨਮਾਂਤਰਾਂ ਦਾ ਵਿਛੋੜਾ ਪਾਉਣ ਦਾ ਕਾਰਨ ਬਣਦੀ ਹੈ । ਪਰ ਇਸ ਵਿਛੋੜੇ ਨੂੰ ਕੱਟਣ ਲਈ ਦਾਰੂ ਵੀ ਹਉਮੈ ਵਿਚ ਹੀ ਹੈ, ਪਰ ਤਾਂ, ਜਦੋਂ ਇਹ ਨੂਰੀ ਆਪੇ ਦੇ ਅਹਿਸਾਸ ਉਤੇ ਅਧਾਰਤ ਹੋਵੇ।

## ਹਉਮੈ ਤੋਂ ਛੁਟਕਾਰਾ

ਮਨੁੱਖ ਨੂੰ ਵੈਸੇ ਤਾਂ ਪੰਜ ਰੋਗ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਚਿੰਬੜੇ ਹੋਏ ਹਨ, ਪਰ ਪਰਧਾਨ ਰੋਗ ਹਉਮੈਦਾ ਹੈ, ਗੁਰਵਾਕ:-

ਹਉਮੈ ਰੋਗ ਮਾਨੁਖ ਕਉ ਦੀਨਾ।। ਕਾਮ ਰੋਗਿ ਮੈ ਗਲੁ ਬਸਿ ਲੀਨਾ।। ੧।। ੨੦।।(ਪੰਨਾ-੧੧੪੦)

ਮਾਇਆ ਦੇ ਪ੍ਰਬਲ ਪ੍ਰਭਾਵ ਅਧੀਨ ਮਨੁੱਖਹਉਮੈ ਰੋਗ ਵਿਚ ਗ੍ਰਸਿਆ ਜਾਂਦਾ ਹੈ, ਪਰ ਇਸ ਤੋਂ ਛੁਟਕਾਰਾ ਪਾਉਣਾ ਇਸ ਦੇ ਵਸ ਦੀ ਗੱਲ ਨਹੀਂ। ਹਉਮੈ ਅਧੀਨ ਇਹ ਮਕੜੀ ਵਾਂਗੂ ਆਪਣੇ ਦੁਆਲੇ ਜਾਲਾ ਤਣ ਕੇ ਉਸ ਵਿਚ ਕੈਦ ਹੋ ਜਾਂਦਾ ਹੈ, ਇਸ ਚੰਦਰੀ ਹਉਮੈ ਤੋਂ ਛੁਟਕਾਰੇ ਦਾ ਇਕੋ ਇਕ ਸਾਧਨ ਗੁਰ-ਸ਼ਬਦ ਦੀ ਕਮਾਈ ਹੈ, ਪਰ ਇਹ ਵੀ ਜੀਵ ਦੇ ਆਪਣੇ ਵੱਸ ਦੀ ਗੱਲ ਨਹੀਂ। ਕਰਤਾ ਪੁਰਖ ਕ੍ਰਿਪਾ ਕਰੇ, ਜੀਵ ਨੂੰ ਸਤਿਗੁਰੂ ਦਾ ਮੇਲ ਬਖਸ਼ੇ।। ਸਤਿਗੁਰੂ ਤੋਂ ਸ਼ਬਦ ਅਥਵਾ ਨਾਮ- ਗੁਰਮੰਤ੍ਰ ਦੀ ਪ੍ਰਾਪਤੀ ਹੋਵੇ। ਗੁਰ ਸ਼ਬਦ ਦੀ ਨਿਸ਼ਕਾਮ ਕਮਾਈ ਦੇ ਤੁਫੈਲ ਜੀਵ ਪ੍ਰਭੂ ਹੁਕਮ ਨਾਲ ਸੁਰ ਹੋਵੇ, ਤਾਂ ਜਾ ਕੇ ਹਉਮੈ ਦਾ ਅਭਾਵ ਹੋਵੇ ਅਤੇ ਪ੍ਰਭੂ ਦਰ ਦੀ ਸੋਝੀ ਪਵੇ।

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ।।
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ।।
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ।।
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ।। ੬੮( ਪੰਨਾ-੯੪੬)
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ।।
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ।। ੪।੯।੧੨।। (ਪੰਨਾ-੫੬੦)

ਮਨੁੱਖ ਹੁਕਮ (ਰੱਬੀ ਰਜ਼ਾਅ) ਨੂੰ ਪਛਾਣ ਕੇ ਫਿਰ ਹਉਮੈ ( ਆਪਣੀ ਰਜ਼ਾਅ) ਦੀ ਮੂਰਖਤਾ ਵਾਲੀ ਖਾਮ-ਖਿਆਲੀ ਵਿਚ ਪਰਵਿਰਤ ਨਹੀ ਹੁੰਦਾ-



www.AKJ.Org

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।।

# ਸ਼ਹੀਦ ਭਗਤ ਸਿੰਘ ਦੀ ਭਾਈ ਰਣਧੀਰ ਸਿੰਘ ਜੀ ਨਾਲ ਮੁਲਾਕਾਤ

(ਗਿਆਨੀ ਗੁਰਦਿਤ ਸਿੰਘ ਜੀ, ਚੰਡੀਗੜ੍ਹ)

ਭਾਈ ਰਣਧੀਰ ਸਿੰਘ ਅਤੇ ਭਗਤ ਸਿੰਘ (ਸ਼ਹੀਦ) ਬਾਰੇ ਅਪ੍ਰੈਲ ਦੇ ਮਹੀਨੇ ਟ੍ਰਿਬਿਊਨ (ਪੰਜਾਬੀ) ਅਖਬਾਰ ਵਿਚ ਚਰਚਾ ਹੁੰਦੀ ਰਹੀ ਹੈ ।੨੪ ਮਈ ਦੇ ਪਰਚੇ ਵਿੱਚ ਇਸ ਵਿਸ਼ੇ ਉਪਰ ਇੱਕਠੇ ਹੀ ਤਿੰਨ ਚਾਰ ਲੇਖ ਲਿਖ ਕੇ-ਉੱਤਰ ਪ੍ਰਤੀ-ਉੱਤਰ ਵਾਲੀ ਇਸ ਚਰਚਾ ਨੂ ਅਖਬਾਰ ਨੇ ਐਲਾਨ ਛਾਪ ਕੇ ਬੰਦ ਕਰ ਦਿੱਤਾ ਹੈ । ਉਠਾਏ ਗਏ ਨੁਕਤਿਆਂ ਦਾ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਨੇ ਢੁਕਵਾਂ ਉਤਰ ਦਿੱਤਾ । ਇਨ੍ਹਾਂ ਸਤਰਾਂ ਦੇ ਲੇਖਕ ਦੀ ਇੱਕ ਟਿਪਣੀ ਪਹਿਲਾਂ ਲਿਖੀ ਛਾਪੀ ਨਹੀਂ ਜਾ ਸਕੀ । ਡਾ: ਪ੍ਰੇਮ ਸਿੰਘ (ਦਿੱਲੀ) ਨੇ ਇਸ ਵਾਦ-ਵਿਵਾਦ ਨੂੰ ਚਰਚਾ ਦਾ ਵਿਸ਼ਾ ਬਣਾਇਆ ਸੀ ।ਉਨ੍ਹਾਂ ਨੇ ਸ: ਭਗਤ ਸਿੰਘ ਨੂੰ ਪੂਰੀ ਜ਼ਿੰਦਗੀ ਨਿਭਾ ਦੇਣ ਵਾਲਾ ਕਾਮਰੇਡ ਸਿੱਧ ਕਰ ਕੇ ਭਾਈ ਸਾਹਿਬ ਜੀ ਬਾਰੇ ਕੁਝ ਸ਼ੰਕੇ ਉਠਾਏ ਸਨ, ਖਾਸ ਕਰ ਇਹ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜੇਲ ਵਿਚੋਂ ਬਾਹਰ ਆ ਕੇ ਕੀ ਕੀਤਾ ? ਇਹ ਇੱਕ ਕਿਸਮ ਦਾ ਲਾਂਛਣ ਸੀ, ਜਾਂ ਲੇਖਕ, ਜੇਲ੍ਹ ਪਿਛੋਂ ਭਾਈ ਸਾਹਿਬ ਜੀ ਨੂੰ ਜਿਥੇ ਦੇਖਣਾ ਚਾਹੁੰਦਾ ਸੀ, ਕਿ ਉਹ ਕਾਮਰੇਡ ਜਾਂ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਇੱਕ ਵਰਕਰ ਦੇ ਰੂਪ ਵਿਚ ਨਹੀਂ ਉਭਰੇ । ਇਸ ਨਜ਼ਰੀਏ ਤੋਂ ਸ਼ਾਇਦ ਆਪਣੀ ਪੀੜਾ ਪ੍ਰਗਟ ਕਰ ਰਿਹਾ ਸੀ ।

ਦਿੱਤੀ ਟਿਪਣੀ ਵਿੱਚ ਇਸ ਪਹਿਲੂ ਬਾਰੇ ਚਰਚਾ ਕੀਤੀ ਗਈ ਹੈ, ਜੋ ਪਾਠਕਾਂ ਦੇ ਗਿਆਤ ਲਈ ਅਗੇ ਦਿੱਤੀ ਜਾ ਰਹੀ ਹੈ ।

"ਆਪੋ ਆਪਣੇ ਰਾਹ ਚੱਲਣ ਵਾਲੇ ਬੁਧੀਜੀਵੀਆਂ ਵਿਚੋਂ ਡਾ: ਪ੍ਰੇਮ ਸਿੰਘ ਦੀ ਟਿਪਣੀ, ੪ ਅਪ੍ਰੈਲ ੧੯੯੪ ਦੇ 'ਟ੍ਰਿਬਿਊਨ' ਵਿੱਚ ਸ: ਪ੍ਰੀਤਮ ਸਿੰਘ ਜੀ ਦੇ ਲੇਖ 'ਭਾਈ ਰਣਧੀਰ ਸਿੰਘ ਬਨਾਮ ਸ਼ਹੀਦ ਭਗਤ ਸਿੰਘ' ਮਿਤੀ ੨੭-੩-੧੯੯੪ ਦੇ ਬਾਰੇ ਪੜ੍ਹੀ । ਜਿਸ ਵਿੱਚ ਸ: ਭਗਤ ਸਿੰਘ ਦੇ ਭਾਈ ਰਣਧੀਰ ਸਿੰਘ ਦੀ ਮਿਲਣੀ ਪਿਛੋਂ ਭਗਤ ਸਿੰਘ ਵਲੋਂ ਰੱਬ ਅਤੇ ਪੁਨਰ-ਜਨਮ ਦੀ ਹੋਂਦ ਮੰਨਣੀ, ਅੰਤ ਸਮੇਂ ਕੇਸ ਦਾੜ੍ਹੀ ਰੱਖਣ ਦਾ ਉਲੇਖ ਪੜ੍ਹ ਕੇ ਅਤੇ ਕਈ ਕਾਮਰੇਡਾਂ ਨੂੰ ਦੁੱਖ ਹੋਇਆ । ਦੁੱਖ ਇਹ ਹੈ ਕਿ ਭਗਤ ਸਿੰਘ ਨੇ ਕੇਸ ਕਿਉਂ ਰਖੇ ਅਤੇ ਰੱਬ ਦੀ ਹੋਂਦ ਵਿੱਚ ਈਮਾਨ ਕਿਵੇਂ ਲੈ ਆਂਦਾ ? ਜਦੋਂ ਕਿ ਉਹ ਪੱਕਾ ਨਾਸਤਕ ਅਤੇ ਗੈਰਸਿੱਖ ਹੀ ਦੁਨੀਆ ਵਿਚੋਂ ਗਿਆ ਤੇ ਇਹ ਆਪਣੇ ਨਾਸਤਕ-ਪੁਣੇ ਦਾ ਜਨੂੰਨ ਅੰਤ ਤੱਕ ਨਿਭਾ ਕੇ ਪੂਰਨੇ ਪਾ ਗਿਆ ।

ਰੱਬ ਦੀ ਹੋਂਦ ਦਾ ਕੋਈ ਪ੍ਰਮਾਣ ਮਾਰਕਸੀ ਬੁੱਧੀਜੀਵੀ ਦ੍ਰਿਸ਼ਟੀ ਨੂੰ ਕਿਸੇ ਰੂਪ ਵਿੱਚ ਵੀ ਪ੍ਰਵਾਨ ਨਹੀਂ । ਭਗਤ ਸਿੰਘ ਦਾ ਅੰਤਮ ਸੰਸਕਾਰ ਕਰਨ ਵਾਲੇ ਗ੍ਰੰਥੀ ਨੱਥਾ ਸਿੰਘ ਕਸੂਰ ਵਾਸੀ ਦਾ ਬਿਆਨ ਭੀ ਇਨ੍ਹਾਂ ਦੀ ਨਿਗਾਹ ਵਿੱਚ ਗਲਤ ਹੋ ਸਕਦਾ ਹੈ । ਇਹ ਭੀ ਲਿਖਿਆ ਹੈ ਕਿ ਉਸ ਤੋਂ ਕਿਸੇ ਤਰ੍ਹਾਂ ਲਾਲਚ ਜਾਂ ਡਰਾਵਾ ਦੇ ਕੇ ਲਿਖਵਾਇਆ ਗਿਆ ਹੋਵੇਗਾ । ਸ਼ਾਇਦ ਸਰਕਾਰ ਹੀ ਭਗਤ ਸਿੰਘ ਨੂੰ ਸਿੱਖ ਦਰਸਾਉਣਾ ਚਾਹੁੰਦੀ ਹੋਵੇ ਜਾਂ ਸਰਕਾਰ ਨੇ ਭਗਤ ਸਿੰਘ ਨੂੰ ਆਪੇ ਹੀ ਸਿੱਖ ਸਮਝ ਕੇ 'ਭੁਲੇਖੇ ਨਾਲ' ਸਿੱਖੀ ਰਸਮਾਂ ਨਾਲ ਅੰਤਿਮ ਸੰਸਕਾਰ ਕਰਨ ਦੀ ਮਨ-ਮਰਜ਼ੀ ਕੀਤੀ । ਕਿਉਂ ਤੇ ਕਿਸ ਲਈ ? ਇੰਜ ਤਾਂ ਇਹ ਗੱਲ ਭੀ ਕਹੀ ਜਾ ਸਕਦੀ ਸੀ ਕਿ ਇਹ ਮੁਲਾਕਾਤ ਹੋਈ ਹੀ ਨਹੀਂ, ਪਰ ਦੂਜੇ ਕਾਮਰੇਡਾਂ ਨੇ ਇਹ ਮੰਨਿਆ ਕਿ ਭਾਈ ਸਾਹਿਬ ਜੀ ਵਲੋਂ ਮਿਲਣ ਤੋਂ ਇਨਕਾਰ ਕਰਨ ਤੇ ਭਗਤ ਸਿੰਘ ਨੇ ਲਿਖ ਭੇਜਿਆ ਸੀ ਕਿ ਮੈਂ ਬੰਦ-ਬੰਦ ਕਟਵਾਉਣ ਵਾਲੇ ਵਿਰਸੇ ਦਾ ਪਾਲਕ ਹਾਂ । ਜਿਸ ਤੋਂ ਪ੍ਰਗਟ ਹੈ ਕਿ ਮੁਲਾਕਾਤ ਹੋਈ ਸੀ ।



www.AKJ.Org

ਡਾ: ਪ੍ਰੇਮ ਸਿੰਘ ਨੇ ਚੋਟ ਮਾਰੀ ਹੈ, ਭਾਈ ਸਾਹਿਬ ਨੇ ਜੇਲ੍ਹ ਤੋਂ ਬਾਹਰ ਆ ਕੇ ਕੀ ਕੀਤਾ ? ਭਾਵ ਇਹ ਹੈ ਕਿ ਭਾਈ ਸਾਹਿਬ ਨਾ ਹੀ ਲੈਨਿਨਵਾਦੀ ਸਨ, ਨਾ ਜੇਲ੍ਹ ਤੋਂ ਰਿਹਾ ਹੋ ਕੇ ਕਾਮਰੇਡ ਬਣੇ, ਨਾ ਉਹ ਕਾਂਗਰਸੀਆਂ ਨਾਲ ਜੁੜੇ, ਨਾ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਿਲ ਹੋਏ ਤੇ ਨਾ ਹੀ ਕਮਿਊਨਿਸਟਾਂ ਵਾਲਾ ਰਾਹ ਅਪਣਾਇਆ । ਅਕਾਲੀਆਂ ਨੂੰ ਤਾਂ ਇਹ ਚਿੰਤਕ ਪਿਛਾਹ- ਖਿਚੂ ਕਹਿੰਦੇ ਹੀ ਹਨ । ( ਦੇਖੋ ਜੋਸ਼ ਜੀ ਦਾ ਲਿਖਿਆ ਅਕਾਲੀ ਮੋਰਚਿਆਂ ਦਾ ਇਤਿਹਾਸ) । ਇਹ ਪ੍ਰਸ਼ਨ ਕਰਨ ਵਾਲੇ ਬੁੱਧੀਜੀਵੀ ਉਨ੍ਹਾਂ ਅਗਾਂਹ-ਵਧੂ ਜਾਂ ਅਗਾਂਹ ਲੰਘੇ 'ਸੰਗਰਾਮੀਆਂ' ਦੀ ਪ੍ਰਤੀਨਿਧਤਾ ਕਰ ਰਹੇ ਹਨ, ਜੋ ਆਰੰਭ ਵਿੱਚ ਸਿੱਖੀ ਮਾਹੌਲ ਵਿੱਚ ਉਭਰੇ ਅਤੇ ਪਿਛੋ ਮਨ-ਚਾਹੇ ਰਾਹਾਂ ਉਤੇ ਟੁਰ ਪਏ ਸੀ, ਜਿਸ ਵਿੱਚ ਕਈਆਂ ਨੇ ਕੇਸ ਦਾੜ੍ਹੀ ਵੀ ਚਟਮ ਕਰਾਈ, ਸਿੱਖੀ ਵੇਸ-ਭੂਸ਼ਾ ਤੇ ਚਿੰਨ੍ਹ ਵਗਾਹ ਸੁਟੇ ।

ਅਜਿਹੇ 'ਸੋਚਵਾਨਾਂ' ਸਾਰੀ ਗੁਰਦੁਆਰਾ ਸੁਧਾਰ ਲਹਿਰ, ਪ੍ਰਬੰਧਕ ਕਮੇਟੀ ਦੀ ਗੁਰਦੁਆਰਿਆਂ ਦੀ ਪ੍ਰਾਪਤੀ ਲਈ ਘਾਲੀ ਘਾਲਣਾ ਨੂੰ ਆਦਰਸ਼ਹੀਣ ਅਧਵਾਟੇ ਰਿਹਾ ਇਨਕਲਾਬ ਸਮਝਦੇ ਹਨ, ਇਸ ਲਈ ਕਿ ਇਸੇ ਅਕਾਲੀ ਲਹਿਰ ਨੇ ਅਗੇ ਜਾ ਕੇ ਸਮਾਜਵਾਦੀ ਰੂਪ ਨਾ ਅਪਣਾਇਆ। ਜਿਸਦਾ ਨਾਹਰਾ ਸੀ ਸਰੋਵਰਾਂ ਵਿੱਚ ਝੋਨਾ ਕਿਉਂ ਨਹੀਂ ਬੀਜਿਆ ।

ਭਾਈ ਰਣਧੀਰ ਸਿੰਘ ਜਦੋਂ ਤੋਂ ਪਬਲਿਕ ਲਾਈਫ਼ ਵਿੱਚ ਆਏ, ਉਨ੍ਹਾਂ ਨੇ ਪਰਪੱਕ ਜੀਵਨ-ਸ਼ੈਲੀ ਅਪਣਾਈ ਅਤੇ ਇੱਕ ਸਿਦਕੀ ਤੇ ਨਿਸ਼ਠਾਵਾਨ ਗੁਰਸਿੱਖ ਵਾਲੀ ਜੀਵਨੀ ਜੀਵੀ । ਫਿਰ ਜੇਲ੍ਹ ਦੇ ਕਸ਼ਟਾਂ ਦੇ ਪਹਾੜਾਂ ਨਾਲ ਟੱਕਰ ਲੈ ਕੇ ਧਾਰਨ ਕੀਤੇ ਅਸੂਲਾਂ ਨੂੰ ਨਿਭਾਇਆ । ਰਿਹਾਈ ਪਿਛੋਂ ਸਾਰਾ ਜੀਵਨ ਵੀ ਉਸੇ ਰੰਗ ਵਿੱਚ ਜੀਵਿਆ । ਆਪਣੇ ਆਪ ਵਿੱਚ ਇਹ ਗੱਲ ਘੱਟ ਮਹੱਤਵਪੂਰਨ ਨਹੀਂ ।

ਉਨ੍ਹਾਂ ਦੇ ਜੇਲ੍ਹ ਦੇ ਸਾਥੀਆਂ ਨੇ ਜੋ ਬਾਹਰ ਆ ਕੇ ਉਨ੍ਹਾਂ ਸਬੰਧੀ ਹਾਲਾਤ ਲਿਖੇ ਹਨ, ਉਨ੍ਹਾਂ ਬਜੁਰਗਾਂ ਦਾ ਦੇਸ਼-ਭਗਤਾਂ ਵਿਚ ਵਿਸ਼ੇਸ਼ ਸਥਾਨ ਹੈ । ਬਾਬਾ ਸੁਰਜਨ ਸਿੰਘ ਗੁੱਜਰਵਾਲ, ਬਾਬਾ ਸੱਜਣ ਸਿੰਘ ਨਾਰੰਗਵਾਲ, ਖਾਸ ਕਰ ਬਾਬਾ ਮੁਨਸ਼ਾ ਸਿੰਘ ਦੁਖੀ ਦੀਆਂ ਲਿਖਤਾਂ ਨੂੰ ਝੂਠੀਆਂ ਕਹਿਣ ਤੇ ਮੰਨਣ ਵਾਲਾ ਕੋਈ ਵਧੇਰੇ ਹੀ ਦੂਸ਼ਤ-ਦ੍ਰਿਸ਼ਟੀ ਵਾਲਾ ਹੋ ਸਕਦਾ ਹੈ ।

ਮੁਨਸ਼ਾ ਸਿੰਘ ਦੁਖੀ ਮੁਲਤਾਨ ਜੇਲ੍ਹ ਵਿੱਚ ਭਾਈ ਰਣਧੀਰ ਸਿੰਘ ਜੀ ਦੇ ਨਾਲ ਲਗਦੀ ਕੋਠੜੀ ਵਿੱਚ ਬੰਦ ਰਿਹਾ । ਉਨ੍ਹਾਂ ਜੋ ਕੁਝ ਦੇਖਿਆ ਅਤੇ ਅਨੁਭਵ ਕੀਤਾ, ਉਸ ਦੇ ਪ੍ਰਸੰਗ, ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਪ੍ਰੇਮ ਤਾਂਘਾਂ, ਉਪ੍ਰੇਮ ਕਾਂਗਾਂ (੧੯੨੩ ਵਿੱਚ ਲਿਖੀਆਂ) ਵਿਚ ਦਰਜ ਹਨ । ਇਸ ਤੋ ਭੀ ਮਹੱਤਵਪੂਰਨ ਟਿੱਪਣੀ ਜੀਵਨ ਭਾਈ ਮੋਹਨ ਸਿੰਘ ਵੈਦ ਦੀਆਂ ਪੁਸਤਕਾਂ ਵਿੱਚ ਮਿਲਦੀ ਹੈ । ਪੁਸਤਕ ਸੰਪਾਦਨ ਕਰਦਿਆਂ ਦੁਖੀ ਜੀ ਨੇ ਇਹ ਦੱਸਣ ਲਈ ਟਿੱਪਣੀ ਲਿਖੀ ਹੈ ਕਿ ਕੋਈ ਵਿਅਕਤੀ ਕਿਤਨਾ ਚਿਰ ਭੁੱਖਾ ਤੇ ਪਿਆਸਾ ਜਾਉਂਦਾ ਰਹਿ ਸਕਦਾ ਹੈ ? ਯਾਦ ਰਹੇ 'ਦੁਖੀ' ਜੀ ਏਥੇ ਭਾਈ ਸਾਹਿਬ ਬਾਰੇ ਕੁਝ ਲਿਖ ਨਹੀਂ ਰਹੇ ਸੀ, ਪਰ ਚਲੰਤ ਪ੍ਰਸੰਗ ਵਿੱਚ ਹੀ ਲਿਖਦੇ ਹਨ : - -

" ਮੈਂ ਨਿੱਕੇ ਹੁੰਦਿਆਂ ਪੜ੍ਹਿਆ ਸੀ ਕਿ 'ਕੋਕਾ' ਪੰਡਿਤ ਜੀ ੧੪ ਦਿਨ ਤੱਕ ਸ਼ਾਹੀ ਲਾਇਬਰੇਰੀ ਵਿੱਚ ਬੈਠੇ ਲਗਾਤਾਰ ਪੁਸਤਕਾਂ ਪੜ੍ਹਦੇ ਹੀ ਰਹੇ, ਨਾ ਕੁਝ ਖਾਧਾ ਤੇ ਨਾ ਕੁਝ ਪੀਤਾ । ਲੋਕਾਂ ਵਿੱਚ ਇਹ ਗੱਲ ਮਸ਼ਹੂਰ ਹੋ ਗਈ, ਮਹਾਰਾਜੇ ਤੱਕ ਵੀ ਖਬਰਾਂ ਹੋਈਆਂ ।

ਮੈਨੂੰ ਇਹ ਪੜ੍ਹ ਕੇ ਗਪੌੜਾ ਹੀ ਪ੍ਰਤੀਤ ਹੋਇਆ । ਫੇਰ ਮੇਰੇ ਜੀਵਨ ਵਿੱਚ ਅਜਿਹੇ ਹੀ ਕਈ ਅਸਚਰਜ ਸਮੇਂ ਆਏ ਜਿਨ੍ਹਾਂ ਨੂੰ ਦੇਖ ਕੇ ਮੈਂ ਸਗੋਂ ਇਸ ਤੋਂ ਭੀ ਅਗੇ ਲੰਘ ਗਿਆ । ਪ੍ਰੋੜਤਾ ਲਈ ਇੱਕ ਨਿੱਕੀ ਜਿਹੀ ਘਟਨਾ ਪੇਸ਼ ਕਰਦਾ ਹਾਂ —



www.AKJ.Org

ਭਾਈ ਸਾਹਿਬ ਭਾਈ ਰਣਧੀਰ ਸਿੰਘ ਮੇਰੇ ਨਾਲ ਮੁਲਤਾਨ ਜੇਲ੍ਹ ਵਿੱਚ ਕੈਦ ਸਨ । ਆਪ ਹਰ ਕਿਸੇ ਦੇ ਹੱਥ ਦਾ ਭੋਜਨ ਨਹੀਂ ਛੱਕਦੇ ਸੀ । ਇਸੇ ਵਿਰੋਧਤਾ ਵਿੱਚ ਆਪ ਨੇ ਅੱਕ ਕੇ ਖਾਣਾ ਛੱਡ ਦਿੱਤਾ । ਜੇਲ੍ਹ ਹਾਕਮ ਹੱਥੀਂ ਪਕਾਉਣ ਨਾ ਦੇਣ, ਤੇ ਭਾਈ ਸਾਹਿਬ ਜੀ ਐਰ ਗੈਰ ਦੇ ਹੱਥ ਦਾ ਪ੍ਰਵਾਨ ਨਾ ਕਰਨ । ਭੁੱਖ ਹੜਤਾਲ ਹੋ ਗਈ, ਧੱਕੇ-ਖੋਰ ਹਾਕਮਾਂ ਨੇ ਪਾਣੀ ਭੀ ਚੁੱਕ ਲਿਆ । ਮੈਨੂੰ ਯਾਦ ਹੈ ਕਿ ੪੦ ਦਿਨ ਤੱਕ ਆਪ ਹਰਿ-ਭਜਨ ਵਿੱਚ ਮਗਨ ਬੈਠੇ ਰਹੇ । ਭਾਵੇ ਸਰੀਰ ਕਮਜ਼ੋਰ ਹੋ ਗਿਆ, ਪਰ ਇਤਨਾ ਨਹੀਂ । ਚਾਲੀ ਦਿਨ ਬਾਅਦ ਜਦ ਆਪ ਨੂੰ ਪੁਛਿਆ ਗਿਆ ਕਿ ਆਪ ਕਿਵੇਂ ਜੀਉ ਦੇ ਰਹੇ ? ਤਦ ਆਪ ਮੁਸਕਰਾਏ ਤੇ ਉਤਰ ਦਿੱਤਾ, ਮੈਨੂੰ ਕੋਈ ਖਾਸ ਤਕਲੀਫ ਨਹੀਂ ਹੋਈ, ਮੈਂ ਆਪਣੇ ਰੰਗ ਵਿੱਚ ਮਸਤ ਬੈਠਾ ਰਿਹਾ ਹਾਂ ।

'ਇਸ ਨੂੰ ਆਖਦੇ ਹਨ ਕਿਸੇ ਚੀਜ਼ ਦਾ ਚਸਕਾ ਜਾਂ ਤਤਲੀਨਤਾ ਆਦਿ ।'

ਭਾਈ ਰਣਧੀਰ ਸਿੰਘ ਜੀ ਨੇ ਜੇਲ੍ਹ ਤੋਂ ਬਾਹਰ ਆ ਕੇ ਕੀ ਕੀਤਾ ? ਜੇਲ੍ਹ ਵਿੱਚ ਜੋ ਕੁਝ ਕੀਤਾ ਉਹ ਭੀ ਮੁਨਸ਼ਾ ਸਿੰਘ 'ਦੁਖੀ' ਨੇ ਦੱਸਿਆ ਹੈ ਕਿ ਉਨ੍ਹਾਂ ਦੇ ਸੱਚੇ ਤੇ ਉੱਚੇ ਆਦਰਸ਼ ਦੀ ਜ਼ਿੰਦਗੀ ਨੇ ਕਈਆਂ ਨੂੰ ਜੇਲ੍ਹਾਂ ਵਿੱਚ ਭੀ ਸੁਰਜੀਤ ਹੋਣ ਦਾ ਕੰਮ ਕੀਤਾ । ਅਨੇਕਾਂ ਬੰਦਿਆਂ ਨੂੰ ਨਵਾਂ ਰਸ-ਰੰਗੀ ਜੀਵਨ ਦਿੱਤਾ । ਭਾਈ ਸਾਹਿਬ ਨੇ ਅਨੇਕਾਂ ਪ੍ਰਾਣੀਆ ਨੂੰ ਆਪਣੇ ਵਿਗਸੇ ਨਾਲ ਜੋੜ ਕੇ ਚੱਲਣ ਦੀ ਦ੍ਰਿੜਤਾ ਅਤੇ ਆਤਮਕ ਰਸ ਵਾਲੇ ਜੀਵਨ ਦਾ ਮਾਰਗ-ਦਰਸ਼ਨ ਕੀਤਾ । ਇਸ ਲਈ ਸੈਂਕੜੇ ਬਲਕਿ ਹਜ਼ਾਰਾਂ ਵਿਅਕਤੀ ਗਵਾਹ ਹਨ ਜਿਨ੍ਹਾਂ ਦੇ ਜੀਵਨ ਵਿੱਚ ਪਲਟੇ ਆਏ । ਭਾਈ ਰਣਧੀਰ ਸਿੰਘ ਦੇਸ਼-ਭਗਤ ਪਿਛੋਂ ਸਨ ਪਹਿਲਾਂ ਉਹ ਗੁਰਮੁੱਖ ਸਿੱਖ ਸਾਧਕ ਸਨ, ਜਿਨ੍ਹਾਂ ਦੇ ਰੂਹਾਨੀ ਜੀਵਨ ਦੇ ਪ੍ਰਭਾਵ ਜੇਲ੍ਹ ਤੋਂ ਪਹਿਲਾਂ, ਜੇਲ੍ਹ ਦੇ ਅੰਦਰ ਅਤੇ ਜੇਲ੍ਹ ਤੋਂ ਬਾਹਰ ਕੰਮ ਕਰਦੇ ਰਹੇ ।

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | |
|---|---|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਗੁਰਮਤਿ ਵਿਚਾਰ | ੨੦-੦੦ | ਅਨਹਦ ਸ਼ਬਦ ਦਸਮ ਦੁਆਰ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਪ੍ਰਕਾਸ਼ | ੧੫-੦੦ | ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੨੦-੦੦ |
| ਗੁਰਮਤਿ ਗਰਵਤਾ | ੩੨-੦੦ | ਸਚਖੰਡ ਦਰਸ਼ਨ | ੭-੫੦ | ਕੀ ਗੁਰੂਗ੍ਰੰਥ ਸਾਹਿਬ ਦੀ ਪੂਜਾ ਬੁੱਤਪ੍ਰਸਤੀ ਹੈ ? | ੧੨-੦੦ |
| ਰੰਗਲੇ ਸੱਜਣ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੮-੫੦ | ਦਰਸ਼ਨ ਝਲਕਾਂ | .... | ਚਰਨ ਕਮਲ ਕੀ ਮਉਜ | .... |
| ਸੰਤ ਪਦ ਨਿਰਣੈ | -- | ਗੁ: ਕਰਮ ਫ਼ਿਲਾਸਫ਼ੀ | ... | ਕੋ ਵਿਰਲਾ ਗੁਰਮਤਿ ਚਲੈ ਜੀਉ | ੧-੫੦ |
| ਅੰਮ੍ਰਿਤ ਕੀ ਹੈ ? | ੩-੦੦ | ਅੰਮ੍ਰਿਤ ਕਲਾ | ੨-੫੦ | ਹਉਮੈ ਨਾਵੈ ਨਾਲਿ ਵਿਰੋਧੁ ਹੈ | ੨-੦੦ |
| ਗੁਰਮਤਿ ਰਮਜ਼ਾਂ | ੨-੫੦ | ਵਾਹਿਗੁਰੂ ਸਿਮਰਨ | ੧-੫੦ | ਸਿੰਘਾਂ ਦਾ ਪੰਥ ਨਿਰਾਲਾ | ੨-੦੦ |
| ਉਮਰ ਕੈਦੀ ਦਾ ਸੁਪਨਾ | ੧-੫੦ | ਸਿੱਖ ਕੌਣ ਹੈ | ੧-੫੦ | ਬਾਬਾ ਵੈਦ ਰੋਗੀਆਂ ਦਾ | ੧-੫੦ |
| ਸੱਚੀਆਂ ਦਾੜ੍ਹੀਆਂ | ੧-੫੦ | ਆਸਤਕ ਤੇ ਨਾਸਤਕ | ੧-੦੦ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੫੦ |
| ਸ਼ੰਕਿਆਂ ਦੇ ਉੱਤਰ | ੩-੦੦ | | | ਤਿਮਰ ਅਗਿਆਨ ਤੋਂ ਉਜਿਆਰਾ | ੧-੬੦ |
| ਨਾਮ ਸੰਬੰਧੀ ਵਿਚਾਰ | ੨-੫੦ | | | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ | ੧-੦੦ |
| ਸਿੱਖੀ ਸਿਦਕ ਤੇ ਧਰਮ ਰੱਖਿਆ | | | | ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੨-੫੦ |
| AUTOBIOGRAPHY OF BHAI SAHIB RANDHIR SINGH JI | | ਜੇਲ੍ਹ ਚਿੱਠੀਆਂ ਦਾ ਅੰਗ੍ਰੇਜ਼ੀ ਅਨੁਵਾਦ | 45-00 | MEANING OF SIKH BAPTISM (ਅੰਮ੍ਰਿਤ ਕੀ ਹੈ ਦਾ ਅਨੁਵਾਦ) | ੮-੫੦ |



www.AKJ.Org

# ਭਾਈ ਰਣਧੀਰ ਸਿੰਘ ਦੀ ਜੇਲ੍ਹ ਚਿੱਠੀ, ਇਤਿਹਾਸ ਦੀ ਰੌਸ਼ਨ ਹਕੀਕਤ

(ਪ੍ਰੋ: ਹਰਿੰਦਰ ਸਿੰਘ ਮਹਿਬੂਬ)

**ਹੈ ਕੁਛ ਐਸੀ ਹੀ ਬਾਤ ਜੋ ਚੁੱਪ ਹੂੰ ਵਰਨਾ ਕਯਾ ਬਾਤ ਕਰ ਨਹੀਂ ਆਤੀ ।**
**(ਗਾਲਿਬ)**

ਮੈਂ ਮਹਾਂਕਾਵਿ ਲਿਖਣ ਵਿਚ ਮਸ਼ਰੂਫ ਸਾਂ ਕਿ ੨੭ ਮਾਰਚ ਦੇ 'ਪੰਜਾਬੀ ਟ੍ਰਿਬਿਊਨ' ਵਿਚ ਸ. ਪ੍ਰੀਤਮ ਸਿੰਘ ਦੇ ਲੇਖ ਵਿਚਲੇ ਪ੍ਰਮਾਣਿਕ ਤੱਥ ਪੜ੍ਹ ਕੇ ਮੇਰਾ ਧੁਰ ਅੰਦਰਲਾ ਸੱਚ ਟੁੰਬਿਆ ਗਿਆ । ਆਉਣ ਵਾਲੇ ਕੁਝ ਦਿਨਾਂ ਵਿਚ ਡਾ. ਪ੍ਰੇਮ ਸਿੰਘ, ਕਰਮ ਬਰਸਟ ਅਤੇ ਸ਼ਹੀਦ ਭਗਤ ਸਿੰਘ ਦੇ ਕੁਝ ਆਸ਼ਕਾਂ ਵਲੋਂ ਇਸ ਸੱਚੀ ਆਵਾਜ਼ ਦਾ ਵਿਰੋਧ ਕੀਤਾ ਗਿਆ ਅਤੇ ਭਾਈ ਰਣਧੀਰ ਸਿੰਘ ਵਰਗੇ ਮਹਾਂਪੁਰਖ ਨੂੰ ਪ੍ਰੋ. ਜਗਮੋਹਨ ਸਿੰਘ ਦੀ ੧੯੯੫ ਵਿਚ ਛਪੀ ਕਿਤਾਬ "ਲਿਖਤਾਂ ਦੀਆਂ ਸ਼ਹੀਦ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਪ੍ਰਮਾਣਿਕਤਾ ਪਖੋਂ ਕੁਝ ਸ਼ੰਕੀ ਲਿਖਤਾਂ ਦੇ ਆਧਾਰ ਉਤੇ ਝੂਠ ਲਫਜ਼ ਵਰਤੇ ਬਿਨਾਂ ਝੂਠਾ ਅਤੇ ਧਾਰਮਿਕ ਜਨੂੰਨੀ (ਬਰਸਟ) ਆਖਿਆ ਗਿਆ । ਸੋ ਦਾਸ ਨੂੰ ਆਪਣੇ ਅੰਤ੍ਰੀਵੀ ਸੱਚ ਦੀ ਆਵਾਜ਼ ਅਨੁਸਾਰ ਇਹ ਲੇਖ ਲਿਖਣ ਲਈ ਮਜ਼ਬੂਰ ਹੋਣਾ ਪਿਆ । ਅਸੀਂ ਸ. ਪ੍ਰੀਤਮ ਸਿੰਘ ਦੇ ਲੇਖ ਦੇ ਤਸਵੀਰ ਵਾਲੇ ਤੱਥ ਤੋਂ ਬਿਨਾਂ ਉਨ੍ਹਾਂ ਦੇ ਬਾਕੀ ਦ੍ਰਿਸ਼ਟੀਕੋਣ ਨਾਲ ਤਕਰੀਬਨ ਸਹਿਮਤ ਹਾਂ ।

ਭਾਈ ਰਣਧੀਰ ਸਿੰਘ ਦੀਆਂ 'ਜੇਲ੍ਹ ਚਿਠੀਆਂ' ਦੀ ਅੰਤਲੀ ਚਿੱਠੀ ਦੇ ਆਧਾਰ ਉਤੇ ਉਪਰੋਕਤ ਪ੍ਰਸੰਗ ਵਾਲੀ ਇਹ ਚਰਚਾ ਛਿੜੀ ਹੈ । ਇਸ ਕਿਤਾਬ ਦੀ ਵਾਰਤਕ ਸ਼ੈਲੀ ਦੀ ਸੁੰਦਰਤਾ, ਜੀਵਨ-ਅਨੁਭਵਾਂ ਦੇ ਬਹੁ-ਰੰਗੇ ਰਹਸਾਂ ਅਤੇ ਸੱਚ ਦੀ ਅਮੋਘ ਸ਼ਕਤੀ ਦੇ ਬੇਮਿਸਾਲ ਰੁਤਬੇ ਨੂੰ ੧੯੩੬ ਤੋਂ ਹੀ ਪੰਜਾਬ ਦੇ ਧੁਰੰਧਰ ਵਿਦਵਾਨਾਂ ਵਲੋਂ ਸਤਿਕਾਰਿਆ ਗਿਆ ਹੈ । ਕਿਸੇ ਪੁਸਤਕ ਨੂੰ ਕਦੇ ਹੀ ਭੂਮਿਕਾ ਦਾ ਮਾਣ ਬਖਸ਼ਣ ਵਾਲੇ ਭਾਈ ਵੀਰ ਸਿੰਘ (ਸ੍ਰੀ ਹਰਿੰਦਰ ਨਾਥ ਚਟੋਪਾਧਿਆਏ ਅਨੁਸਾਰ ਪੰਜਾਬ ਦੇ ਛੇਵੇਂ ਦਰਿਆ) ਨੇ ਭੂਮਿਕਾ ਵਿਚ ਪੁਸਤਕ ਦੀ ਤਰਕਸ਼ੀਲ ਅਧਿਆਤਮਕਤਾ ਨੂੰ ਪ੍ਰਵਾਨ ਕੀਤਾ ਹੈ । ਸਿਰਦਾਰ ਕਪੂਰ ਸਿੰਘ ਨੇ ਆਪਣੀ 'ਸਾਚੀ ਸਾਖੀ' (ਸ਼੍ਰੋਮਣੀ ਕਮੇਟੀ, ਸਫਾ ੬੮) ਵਿਚ ਚਰਚਿਤ ਚਿੱਠੀ ਵਿਚਲੇ ਸੱਚ ਦੀ ਆਪਣੇ ਬਲਵਾਨ ਬਿਬੇਕ ਰਾਹੀਂ ਪੁਸ਼ਟੀ ਕੀਤੀ ਹੈ ਅਤੇ ਡਾ. ਗੰਡਾ ਸਿੰਘ ਨੇ 'ਸਾਚੀ ਸਾਖੀ' ਦੀ ਤੱਥ ਵਿਆਖਿਆ ਨੂੰ ਮੋਟੇ ਤੌਰ ਤੇ ਠੀਕ ਦਰਸਾਇਆ ਹੈ । ਪ੍ਰਸਿੱਧ ਇਤਿਹਾਸਕਾਰ ਹਰ ਕਿਸਮ ਦੀ ਸਾਹਿਤਕ ਬਾਰੀਕੀ ਤੋਂ ਵਾਕਿਫ ਅਤੇ ਭਾਈ ਰਣਧੀਰ ਸਿੰਘ ਦੇ ਸੂਖਮ ਰਾਜ਼ਦਾਨ ਡਾ. ਤ੍ਰਿਲੋਚਨ ਸਿੰਘ ਨੇ 'ਜੇਲ੍ਹ ਚਿੱਠੀਆਂ' ਦਾ ਅੰਗਰੇਜ਼ੀ ਤਰਜਮਾ ਕਰਦਿਆਂ ਇਸ ਦੇ ਗੂੜ੍ਹ ਗਿਆਨ ਦਾ ਇਕ ਤੋਂ ਬਹੁਤੀ ਵਾਰ ਲੋਹਾ ਮੰਨਿਆ ਹੈ । ਡਾ. ਗੁਰਦੇਵ ਸਿੰਘ ਦਿਓਲ ਨੇ ਆਪਣੀ ਪੁਸਤਕ 'ਜੀਵਨੀ ਭਗਤ ਸਿੰਘ' (ਪੰਜਾਬੀ ਅਤੇ ਅੰਗਰੇਜ਼ੀ) ਅਤੇ ਬਲਵੰਤ ਗਾਰਗੀ ਨੇ ਆਪਣੇ ਲੇਖ 'ਭਗਤ ਸਿੰਘ' ਵਿਚ ਇਸ ਚਿੱਠੀ ਨੂੰ ਹਾਂ-ਪੱਖੀ ਹੁੰਗਾਰਾ ਦਿੱਤਾ ਹੈ । ਜੇਲ੍ਹ ਚਿੱਠੀਆਂ ਦੇ ਸੰਪਾਦਕ ਗਿਆਨੀ ਨਾਹਰ ਸਿੰਘ ਸਿਦਕਵਾਨ ਦੇਸ਼ ਭਗਤ ਅਤੇ ਇਤਿਹਾਸ ਦੇ ਗੰਭੀਰ ਪਾਠਕ ਸਨ । ਸੱਠਵਿਆਂ ਦੇ ਸ਼ੁਰੂ ਵਿਚ ਡਾ. ਗੰਡਾ ਸਿੰਘ ਜੀ ਦੀ ਕੋਠੀ ਦੇ ਸਾਹਮਣੇ ਭੂਤਵਾੜੇ ਵਿਚ ਰਹਿੰਦਿਆਂ ਦਾਸ ਨੇ ਖੁਦ ਵੇਖਿਆ ਸੀ ਕਿ ਇਕ ਮਿੰਟ ਵੀ ਜ਼ਾਇਆ ਨਾ ਕਰਨ ਵਾਲੇ ਡਾ. ਗੰਡਾ ਸਿੰਘ ਦੀ ਲਾਇਬਰੇਰੀ ਵਿਚ ਗਿਆਨੀ ਜੀ ਹਫਤਿਆਂ ਤਕ ਠਹਿਰ ਜਾਇਆ ਕਰਦੇ ਸਨ । ਚਰਚਿਤ ਜੇਲ੍ਹ ਚਿੱਠੀ ਦੇ ਤੱਥਾਂ ਦਾ ਸੱਚ ਦੀ ਕਸਵੱਟੀ ਉਤੇ ਨਿਤਾਰਾ ਕਰਨ ਅਤੇ ਸਿਆਸੀ ਸੁਆਰਥਾਂ ਤੋਂ ਪ੍ਰੇਰਿਤ ਸ਼ਹੀਦ ਦੇ ਜੋਸ਼ੀਲੇ ਸ਼ੁਭ-ਚਿੰਤਕਾਂ ਦੀ ਬੇ-ਦਲੀਲੀ ਨੂੰ ਤੋੜਨ ਤੋਂ ਪਹਿਲਾਂ ਇਹ ਜ਼ਰੂਰੀ ਭਾਸਦਾ ਹੈ ਕਿ ਭਾਈ ਰਣਧੀਰ ਸਿੰਘ ਅਤੇ ਭਗਤ ਸਿੰਘ ਦੀ ਕੁਰਬਾਨੀ ਦੀ ਅਤਿ ਸੰਖੇਪਤ ਤੁਲਨਾ ਅਤੇ ਸ਼ਹੀਦ ਦੀ ਸ਼ਹਾਦਤ ਦਾ ਸਹੀ ਜਾਇਜ਼ਾ ਪਾਠਕਾਂ ਦੇ ਰੂ-ਬ-ਰੂ ਲਿਆਂਦਾ ਜਾਵੇ । (ਪਿਆਰ ਤਾਂ ਸ਼ਹੀਦ ਨੂੰ ਅਸੀਂ ਵੀ ਕਰਦੇ ਹਾਂ ਪਰ ਨਗਨ ਸੱਚ ਦੀ ਮੰਜ਼ਿਲ ਉਤੇ ਪਹੁੰਚ ਕੇ )



www.AKJ.Org

ਪਹਿਲਾਂ ਭਾਈ ਰਣਧੀਰ ਸਿੰਘ ਦੀ ਜੀਨੀਅਸ (genius) ਬਾਰੇ । ਸਾਹਿਤਕ ਗੁਣਾਂ ਦੇ ਪਖੋਂ ਪੰਜਾਬੀ ਦੇ ਤਿੰਨ ਵਾਰਤਕਕਾਰਾਂ ਦੀ ਤਰਤੀਬ ਇਸ ਪ੍ਰਕਾਰ ਬਣਦੀ ਹੈ : ਭਾਈ ਵੀਰ ਸਿੰਘ, ਸ: ਗੁਰਬਖਸ਼ ਸਿੰਘ 'ਪ੍ਰੀਤਲੜੀ' ਅਤੇ ਭਾਈ ਰਣਧੀਰ ਸਿੰਘ । ਇਸ ਪਿਛੋਂ ਪ੍ਰੋ. ਪੂਰਨ ਸਿੰਘ ਅਤੇ ਡਾ: ਹਰਭਜਨ ਸਿੰਘ ਦੇ ਨਾਂ ਆਉਣੇ ਚਾਹੀਦੇ ਹਨ । ਗੁਰੂ ਗ੍ਰੰਥ ਸਾਹਿਬ ਦੇ ਲਗਾਂ-ਮਾਤ੍ਰਾਂ ਦੇ ਵਿਆਕਰਣਿਕ ਪਹਿਲੂ ਤੋਂ ਭਾਈ ਰਣਧੀਰ ਸਿੰਘ, ਡਾ: ਸਾਹਿਬ ਸਿੰਘ (ਗੁਰੂ ਗ੍ਰੰਥ ਸਾਹਿਬ ਦਰਪਣ) ਜਿਡੇ ਹੀ ਵਿਦਵਾਨ ਸਨ । ਭਾਵੇਂ ਅਸੀਂ ਡਾ: ਤ੍ਰਿਲੋਚਨ ਸਿੰਘ ਦੇ ਇਸ ਕਥਨ ਨਾਲ ਤਾਂ ਸਹਿਮਤ ਨਹੀਂ ਕਿ ਭਾਈ ਰਣਧੀਰ ਸਿੰਘ ਦੀ ਕਾਵਿ ਰਚਨਾ 'ਜੋਤਿ ਵਿਗਾਸ' ਦਾਂਤੇ ਦੇ 'ਦੈਵੀ ਸੁਖਾਂਤ' ਦੇ ਹਾਣ ਦੀ ਹੈ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ 'ਜੋਤਿ ਵਿਗਾਸ' ਪੰਜਾਬੀ ਕਾਵਿ ਜਗਤ ਵਿਚ ਇਕ ਵਿੱਲਖਣ ਤਜਰਬਾ ਹੈ । ਇਥੇ ਅਜਿਹੇ ਵੇਰਵੇ ਦੇਣ ਦਾ ਮਤਲਬ ਇਹ ਹੈ ਕਿ ਭਾਈ ਸਾਹਿਬ ਬੌਧਿਕ ਪੱਖੋਂ ਇਕ ਨਿਆਰੇ ਕਵੀ ਅਤੇ ਜੀਨੀਅਸ ਚਿੰਤਕ ਸਨ, ਜਦੋਂ ਕਿ ਸ਼ਹੀਦ ਭਗਤ ਸਿੰਘ ਜੇਲ੍ਹ ਜਾਣ ਤੱਕ ਕਿਤਾਬਾਂ ਦਾ ਮੁਢਲਾ ਸਿਖਾਂਦਰੂ ਸ਼ੌਕੀਨ ਹੀ ਸੀ । ਸ਼ਹੀਦ ਵਿਚ ਜੀਨੀਅਸ (genius) ਸੰਭਾਵਨਾਵਾਂ ਤਾਂ ਸਨ ਪਰ ਮੁਲਾਕਾਤ ਤਕ ਉਸ ਨੂੰ ਇਸ ਦੀ ਪ੍ਰੌੜ੍ਹ ਅਵਸਥਾ ਨਸੀਬ ਨਹੀਂ ਸੀ ਹੋਈ । ਗਿਆਨ-ਧਿਆਨ, ਚਿੰਤਨ-ਬੋਧ ਅਤੇ ਸ਼ਖਸੀਅਤ ਦੇ ਕਿਸੇ ਵੀ ਪੱਖੋਂ ਭਗਤ ਸਿੰਘ, ਭਾਈ ਸਾਹਿਬ ਦੇ ਸਾਹਮਣੇ ਇਕ ਸੁੰਗੜੀ ਜਿਹੀ ਹੋਂਦ ਦਾ ਸੁਆਮੀ ਸੀ ।

ਹੁਣ ਦੋਵਾਂ ਸਖਸ਼ੀਅਤਾਂ ਦੀ ਕੁਰਬਾਨੀ ਦੀ ਸੰਕੇਤਕ ਤੁਲਨਾ ਕਰੀਏ । ਇਹ ਠੀਕ ਹੈ ਕਿ ਲੋਕਾਂ ਦੇ ਪਿਆਰ ਦੇ ਨਾਲ ਨਾਲ ਕਮਿਊਨਿਸਟਾਂ, ਜਨਸੰਘ ਅਤੇ ਕਾਂਗਰਸ ਪਾਰਟੀ ਨੇ ਨਿਜੀ ਸੁਆਰਥ ਅਧੀਨ ਅਖਬਾਰੀ ਦੁਨੀਆ ਵਿਚ ਸ਼ਹੀਦ ਨੂੰ ਸਿਆਸੀ ਸ਼ੋਰ-ਸ਼ਰਾਬੇ ਵਾਲੀ ਵੱਡੀ ਮਾਨਤਾ ਦਿੱਤੀ ਜਿਸ ਦੇ ਸਿੱਟੇ ਵਜੋਂ ਭਗਤ ਸਿੰਘ ਨੂੰ ਭੜਕੀਲੀ ਅਤੇ ਗਰਜਵੀਂ ਸ਼ੁਹਰਤ ਵੀ ਮਿਲੀ ਜਦੋਂ ਕਿ ਭਾਈ ਰਣਧੀਰ ਸਿੰਘ ਨੂੰ ਕੌਮ ਦੀ ਸ਼ਾਂਤ, ਅਡੋਲ ਅਤੇ ਡੂੰਘੀ ਮਾਨਸਿਕਤਾ ਵਿਚ ਸਦੀਵੀ ਥਾਂ ਮਿਲੀ ਹੋਈ ਹੈ । ਭਾਈ ਸਾਹਿਬ ਨੇ ਵਿਰਸੇ ਵਿਚ ਮਿਲੇ ਵਿਸ਼ਾਲ ਸੰਸਾਰੀ ਵੈਭਵ, ਉਨ੍ਹਾਂ ਦਿਨਾਂ ਵਿਚ ਤਹਿਸੀਲਦਾਰੀ ਦੀ ਰਸ਼ਕਯੋਗ ਨੌਕਰੀ ਅਤੇ ਉੱਚ ਵਿਦਿਆ ਦਾ ਸਥਾਪਤ ਮਾਣ ਛੱਡ ਕੇ ਭਗਤ ਸਿੰਘ ਨਾਲੋਂ ਵਡੇਰਾ ਸੰਸਾਰੀ ਤਿਆਗ ਕੀਤਾ ਸੀ । ਫਿਰ ਉਨ੍ਹਾਂ ਉਤੇ ਲਾਹੌਰ ਸਾਜਿਸ਼ ਕੇਸ ਯਾਨੀ ਅੰਗਰੇਜ਼ ਹਕੂਮਤ ਦਾ ਤਖਤਾ ਉਲਟਾਉਣ ਦੇ ਦੋਸ਼ ਵਿਚ ਉਨ੍ਹਾਂ ਨੂੰ ਉਮਰ ਕੈਦ ਹੋਈ ਸੀ । ਦੂਜੇ ਲਫਜ਼ਾ ਵਿਚ ਉਨ੍ਹਾਂ ਨੇ ਅਮਲ ਰਾਹੀਂ ਵਿਸ਼ਾਲ ਰਾਜਸੀ ਆਦਰਸ਼ ਦਾ ਪ੍ਰਕਾਸ਼ ਕੀਤਾ । ਏਧਰ ਭਗਤ ਸਿੰਘ ਦੇ ਪ੍ਰਸੰਗ ਵਿਚ ਬੇਸ਼ਕ ਉਨ੍ਹਾਂ ਆਪਣੇ ਬਿਆਨਾਂ ਅਤੇ ਪੈਂਫਲਿਟਾਂ ਰਾਹੀਂ ਸਾਮਰਾਜ ਵਿਰੁਧ ਇਨਕਲਾਬ ਅਤੇ ਮਜ਼ਦੂਰ ਦੀ ਅੰਤਿਮ ਨਜਾਤ ਦਾ ਨਾਟਕੀ ਨਾਇਕ ਵਾਲੀ ਭਾਸ਼ਾ ਵਿਚ ਰੰਗ ਬੰਨ੍ਹਿਆ ਪਰ ਅਮਲੀ ਪੱਧਰ ਉਤੇ ਉਨ੍ਹਾਂ ਨੂੰ ਫਾਂਸੀ ਸਾਂਡਰਸ ਦੇ ਕਤਲ ਕਾਰਨ ਹੀ ਮਿਲੀ । ਦਿੱਲੀ ਦੇ ਸੈਸ਼ਨ ਜੱਜ ਨੇ ਵੀ ਸ਼ਹੀਦ ਦੇ ਮਾਨਵ ਜੀਵਨ ਨੂੰ ਪਵਿੱਤਰ ਸਮਝ ਕੇ ਦਾਅਵੇ ਅਤੇ ਕਤਲਾਂ ਦੇ ਸੰਭਾਵਿਤ ਅਮਲ ਦਾ ਸਵੈ-ਵਿਰੋਧ ਦਰਸਾ ਕੇ ਹੀ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ (Judgement ਦਿਓਲ ਸਫਾ ੫੯) । ਸੋ ਅਮਲ ਵਿਚ ਭਾਈ ਰਣਧੀਰ ਸਿੰਘ ਦਾ ਕੁਰਬਾਨੀ ਆਦਰਸ਼ ਸ਼ਹੀਦ ਨਾਲੋਂ ਉਚੇਰਾ ਅਤੇ ਸਵੈ-ਵਿਰੋਧਾਂ ਤੋਂ ਰਹਿਤ ਸੀ । ਭਾਈ ਸਾਹਿਬ ਨੇ ਅੰਗਰੇਜ਼ ਜੇਲ੍ਹਾਂ ਦੇ ਕਠੋਰ ਤਸੀਹਿਆਂ ਨੂੰ ਸਾਲਾਂਬੱਧੀ ਬਿਨਾਂ ਕਿਸੇ ਸ਼ਿਕਵੇ ਦੇ ਖਿੜੇ ਮੱਥੇ ਜਰਦਿਆਂ ਗਿਆਨ ਅਤੇ ਲਿਵ ਦਾ ਦੀਵਾ ਬਲਦਾ ਰੱਖਿਆ । ਐਤਨ ਚੈਖ਼ੋਵ ਦੀ ਪ੍ਰਸਿਧ ਕਹਾਣੀ 'ਸ਼ਰਤ' ਦੇ ਸਿਰਜਣਾਤਮਕ ਤਰਕ ਤੋਂ ਵੇਖਿਆਂ ਸਦਾ ਵਿਜੈਈ ਮੁਸਕਰਾਹਟ ਵਾਲੇ ਭਾਈ ਸਾਹਿਬ ਦੀ ਤਿਲ ਤਿਲ ਕਟੇ ਜਾਣ ਦੀ ਸ਼ਾਨ ਭਗਤ ਸਿੰਘ ਦੀ ਫਾਂਸੀ ਦਾ ਰੱਸਾ ਚੁੰਮਦੀ ਕੁਰਬਾਨੀ ਨਾਲੋਂ ਸਰੀਰਕ/ ਮਾਨਸਿਕ ਜਿੱਤ ਦੇ ਪਖੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ।

ਭਾਵੇਂ ਇਥੇ ਵਿਸਥਾਰ ਦੀ ਗੁੰਜਾਇਸ਼ ਨਹੀਂ ਪਰ ਭਗਤ ਸਿੰਘ ਜੀ ਸ਼ਹਾਦਤ ਦੇ ਰੁਤਬੇ ਉਤੇ ਪੰਛੀ-ਝਾਤ ਮਾਰਨੀ ਅਤਿ ਜ਼ਰੂਰੀ ਹੈ ਕਿਉਂਕਿ ਇਸ ਦਾ ਸਿੱਧਾ ਸਬੰਧ ਭਾਈ ਸਾਹਿਬ ਦੀ ਚਿੱਠੀ ਦੇ ਮਜ਼ਮੂਨ ਨਾਲ ਹੈ । ਮੈਂ 'ਸਾਚੀ



www.AKJ.Org

ਸਾਖੀਂ (ਸ. ਕਪੂਰ ਸਿੰਘ) ਦੀ ਇਸ ਮਨੌਤ ਨਾਲ ਤਾਂ ਸਹਿਮਤ ਨਹੀਂ ਕਿ ਭਗਤ ਸਿੰਘ ਸ਼ਹੀਦ ਹੀ ਨਹੀਂ ਸੀ, ਪਰ ਇਹ ਸੱਚ ਹੈ ਕਿ ਭਗਤ ਸਿੰਘ ਸ਼ਹੀਦਾਂ ਦੀ ਪਹਿਲੀ ਕਤਾਰ ਵਿਚ ਨਹੀਂ ਆਉਂਦਾ ਯਾਨੀ 'ਸ਼ਹੀਦੇ-ਆਜ਼ਮ' ਨਹੀਂ ਸੀ । ਇਸ ਦੇ ਇਹ ਕਾਰਨ ਹਨ —

੧. ਸਿਆਸੀ ਅਫਵਾਹਾਂ ਮੁਤਾਬਕ (ਇਤਿਹਾਸ ਮੁਤਾਬਕ ਨਹੀਂ) ਲਾਲਾ ਲਾਜਪਤ ਰਾਏ ਦਾ ਕਾਤਲ ਸਕਾਟ ਸੀ । ਉਂਜ ਗਦਰੀ ਬਾਬੇ ਗੁਰਮੁਖ ਸਿੰਘ ਲਲਤੋਂ ਨੇ 'ਪੀਪਲਜ਼ ਪਾਥ' ਵਿਚ ਦਾਅਵਾ ਕੀਤਾ ਸੀ ਕਿ ਲਾਲਾ ਜੀ ਨੂੰ ਸਕਾਟ ਨੇ ਡਾਂਗਾਂ ਨਹੀਂ ਸਨ ਮਾਰੀਆਂ ਸਗੋਂ ਉਨ੍ਹਾਂ ਦਿਲ ਦੇ ਦੌਰੇ ਨਾਲ ਪ੍ਰਾਣ ਤਿਆਗੇ ਸਨ । ਸੋ ਗਦਰੀ ਬਾਬੇ ਦੇ ਇਸ ਕਥਨ ਦੇ ਬਾਵਜੂਦ ਭਗਤ ਸਿੰਘ ਦੇ ਬਦਲੇ ਦਾ ਨਿਸ਼ਾਨਾ ਸਕਾਟ ਹੋਣਾ ਚਾਹੀਦਾ ਸੀ, ਸਾਂਡਰਸ ਨਹੀਂ । ਭਗਤ ਸਿੰਘ ਨੇ ਆਪਣੇ ਅਦਾਲਤੀ ਬਿਆਨ ਵਿਚ ਦਾਅਵਾ ਕੀਤਾ ਹੈ : 'ਮਨੁੱਖੀ ਜੀਵਨ ਸਾਡੇ ਲਈ ਐਨਾ ਪਵਿੱਤਰ ਹੈ ਕਿ ਸ਼ਬਦਾਂ ਰਾਹੀਂ ਦੱਸਿਆ ਨਹੀਂ ਜਾ ਸਕਦਾ" (ਲਿਖਤਾਂ, ਜਗਮੋਹਨ, ਸਫਾ ੨੩੫) । ਦੂਜੇ ਪਾਸੇ ਭਗਤ ਸਿੰਘ ਜਾਂ ਉਸ ਦੇ ਸਾਥੀਆਂ ਨੇ ਸਾਂਡਰਸ ਨੂੰ ਮਾਰਨ, ਪਿਛੋਂ ਆਪਣੇ ਇਸ਼ਤਿਹਾਰ (ਲਿਖਤਾਂ, ਸਫਾ ੨੨੫) ਵਿਚ ਸਾਂਡਰਸ ਨੂੰ "ਮਾਮੂਲੀ ਕਮੀਨਾ ਅਫਸਰ" ਅਤੇ ਲਾਲਾ ਜੀ ਦਾ ਕਾਤਲ ਕਹਿ ਕੇ ਉਸ ਦੇ ਕਤਲ ਨੂੰ ਜਾਇਜ਼ ਠਹਿਰਾਇਆ ਹੈ । ਅਦਾਲਤੀ ਬਿਆਨ ਵਿਚਲੇ ਦਾਅਵੇ ਦੇ ਸੰਦਰਭ ਵਿਚ ਇਹ ਇਸ਼ਤਿਹਾਰ ਭਗਤ ਸਿੰਘ ਦੀ ਸ਼ਹਾਦਤ ਨੂੰ ਮਾਮੂਲੀ ਬਣਾ ਦਿੰਦਾ ਹੈ । ਆਦਰਸ਼ਾਂ ਦੀ ਪਾਕੀਜ਼ਗੀ ਬਿਨਾਂ ਸਿਰਫ ਫਾਂਸੀ ਚੜ੍ਹਨ ਨਾਲ ਹੀ ਸ਼ਹਾਦਤ ਨੂੰ ਮਜੀਠੀ ਰੰਗ ਨਹੀਂ ਚੜ੍ਹ ਜਾਂਦਾ ।

੨. ਕਸੂਰਵਾਰ ਦੀ ਸਹੀ ਨਿਸ਼ਾਨਦੇਹੀ ਨਾ ਕਰ ਸਕਣ ਪਿਛੋਂ ਹੋਈ ਸ਼ਹਾਦਤ ਸੰਪੂਰਨ ਹੁਸਨ ਤੋਂ ਵਿਰਵੀ ਰਹਿ ਜਾਂਦੀ ਹੈ । ਭਗਤ ਸਿੰਘ ਦੇ ਪ੍ਰਸੰਗ ਵਿਚ ਲਾਲਾ ਜੀ ਦੀ ਮੌਤ ਦਾ ਕਾਰਨ ਸ਼ੱਕੀ ਸੀ; ਲਾਲਾ ਜੀ ਦੇ ਕਾਤਲ ਦਾ ਸਕਾਟ ਹੋਣਾ ਵੀ ਸ਼ੱਕੀ ਸੀ, ਪਰ ਭਗਤ ਸਿੰਘ ਦੇ ਇਸ ਮਾਨਵਵਾਦ ਤੋਂ ਬਲਿਹਾਰੇ ਜਾਈਏ ਕਿ ਕਤਲ ਹੋਣ ਵਾਲਾ ਬੇਦੋਸ਼ਾ ਸਾਂਡਰਸ "ਕਮੀਨਾ ਮਾਮੂਲੀ ਅਫਸਰ" ਗਰਦਾਨਿਆ ਗਿਆ । ਲਗਾਤਾਰ ਜ਼ਾਲਿਮ ਦੀ ਸਹੀ ਨਿਸ਼ਾਨਦੇਹੀ ਨਾ ਕਰ ਸਕਣ ਕਾਰਨ ਭਗਤ ਸਿੰਘ ਦੀ ਸ਼ਹਾਦਤ ਦੀ ਸ਼ਾਨ ਬਹੁਤ ਫਿੱਕੀ ਪੈ ਜਾਂਦੀ ਹੈ । (ਜੇ ਬੇਰਹਿਮ ਵਕਤ ਇਜਾਜ਼ਤ ਦਿੰਦਾ ਤਾਂ ਲੇਖਕ ਇਥੇ ਭਗਤ ਸਿੰਘ ਨਾਲੋਂ ਸ਼ਹਾਦਤ ਦੇ ਉਚਤਮ ਸੰਕਲਪ ਦੀ ਪਾਲਣਾ ਕਰਨ ਵਾਲੇ ਕੁਝ ਸ਼ਹੀਦਾਂ ਦੇ ਨਾਮ ਵੀ ਲਿਖ ਦਿੰਦਾ । ". . . . ਜੋ ਚੁੱਪ ਹੂੰ" )

੩. ਭਗਤ ਸਿੰਘ ਦਾ ਅਸੈਂਬਲੀ ਬੰਬ ਬਾਰੇ ਦਿੱਤਾ ਅਦਾਲਤੀ ਬਿਆਨ (ਲਿਖਤਾਂ, ਸਫਾ ੨੩੧), 'ਮਾਡਰਨ ਰੀਵਿਊ' ਨੂੰ ਇਨਕਲਾਬ ਦੇ ਸੰਕਲਪ ਬਾਰੇ ਲਿਖਿਆ ਖਤ (ਸਫਾ ੩੯੮) ਅਤੇ ਕਈ ਗੁੰਮਨਾਮ ਪੈਂਫਲਿਟ-ਨੁਮਾ ਲਿਖਤਾਂ ਵਿਚ ਜਿਸ ਸਿਖਾਂਦਰੂ ਮਾਰਕਸਵਾਦ ਦੀ ਰੂਪਰੇਖਾ ਹੈ, ਗੂੰਜਦੇ ਦਾਅਵਿਆਂ ਦੇ ਬਾਵਜੂਦ ਭਗਤ ਸਿੰਘ ਦਾ ਅਮਲ ਉਸ ਦੇ ਸਮਾਨਾਂਤਰ ਨਹੀਂ ਚੱਲਿਆ । ਇਹੋ ਕਾਰਨ ਹੈ ਕਿ ਉਸ ਉਤੇ ਸਾਂਡਰਸ ਦੇ ਕਤਲ ਦਾ ਹੀ ਪ੍ਰਧਾਨ ਦੋਸ਼ ਬਣ ਸਕਿਆ। ਅਦਾਲਤ ਅਨੁਸਾਰ ਸ਼ਹੀਦ ਦਾ ਅਸਲ ਗੁਨਾਹ ਵਿਸ਼ੇਸ਼ ਖੇਤਰ ਵਿਚ ਗਤੀਸ਼ੀਲ ਇਨਕਲਾਬ ਜਾਂ ਬਗਾਵਤ ਨਹੀਂ । ਕਿਸੇ ਅੰਦਰਲੀ ਕਮਜ਼ੋਰੀ ਜਾਂ ਅਹਿਸਾਸੇ-ਕਮਤਰੀ ਅਧੀਨ ਭਗਤ ਸਿੰਘ ਇਨਕਲਾਬ ਦੀ ਜ਼ੁਬਾਨੀ ਅਤੇ ਲਿਖਤੀ ਨਾਅਰੇਬਾਜ਼ੀ ਰਾਹੀਂ ਜਿੰਨਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰਦੇ ਹਨ, ਹਕੂਮਤ ਅਤੇ ਅਦਾਲਤਾਂ ਉਨੀਆਂ ਹੀ ਇਸ ਪ੍ਰਤੀ ਗੈਰ-ਸੰਜੀਦਾ ਹਨ । ਸ਼ਹੀਦ ਦਾ ਇਹ ਪੱਖ ਵੀ ਉਸ ਦੀ ਸ਼ਹਾਦਤ ਨੂੰ ਕਮਜ਼ੋਰ ਕਰਦਾ ਹੈ, ਕਿਉਂਕਿ ਸੱਚੇ ਅਮਲ ਤੋਂ ਬਿਨਾਂ ਪੁਖਤ ਸਿਧਾਂਤ ਵੀ ਸ਼ੇਖੀ ਜਾਂ ਵਿਖਾਵੇ ਦੀਆਂ ਨਿਵਾਣਾਂ ਵਿਚ ਜਾਂ ਡਿੱਗਦੇ ਹਨ । ਇਹ ਇਕ ਵੱਖਰੇ ਲੇਖ ਦਾ ਵਿਸ਼ਾ ਹੈ ।

ਉਪਰਲੀ ਲਿਖਤ ਨੇ ਜੇਲ੍ਹ ਚਿੱਠੀ ਦੇ ਤੱਥਾਂ ਦੀ ਪ੍ਰਮਾਣਿਕਤਾ ਦਰਸਾਉਣ ਲਈ ਤਰਕ ਦੀ ਲੋੜੀਂਦੀ ਪਿੱਠ-ਭੂਮੀ ਤਿਆਰ ਕਰ ਦਿੱਤੀ ਹੈ । ਚਿੱਠੀ ਦਾ ਜੋ ਮਜ਼ਮੂਨ ਹੈ, ਉਸ ਦੇ ਬੀਜ ਸ਼ਹੀਦ ਦੀ ਫਿਤਰਤ ਵਿਚ ਉਸ ਦੇ ਬਚਪਨ ਤੋਂ ਹੀ ਮੌਜੂਦ ਸਨ । ਬਲਵੰਤ ਗਾਰਗੀ ਨੇ ਆਪਣੇ ਲੇਖ 'ਭਗਤ ਸਿੰਘ' ਵਿਚ ਠੀਕ ਲਿਖਿਆ ਹੈ ਕਿ ਪੜ੍ਹਾਈ ਦੇ ਦਿਨਾਂ



www.AKJ.Org

ਵਿਚ ਭਗਤ ਸਿੰਘ ਦੀਆਂ ਜੋਸ਼ੀਲੀਆਂ ਤਕਰੀਰਾਂ ਤੋਂ ਨਾਰਾਜ਼ ਹੋ ਕੇ ਉਨ੍ਹਾਂ ਦੇ ਪਿਤਾ ਨੇ ਕਿਹਾ ਸੀ, "ਤੂੰ ਸੋਚਦਾ ਹੋਵੇਂਗਾ ਕਿ ਅਜੀਤ ਸਿੰਘ ਦਾ ਭਤੀਜਾ ਅਤੇ ਕਿਸ਼ਨ ਸਿੰਘ ਦਾ ਪੁੱਤਰ ਹੋਣ ਕਰ ਕੇ ਲੋਕ ਤੇਰੇ ਮਗਰ ਲੱਗ ਜਾਣਗੇ।" (ਪ੍ਰੋ: ਜਗਮੋਹਨ ਨੇ ਆਪਣੇ ਸੰਪਾਦਕੀ ਹੱਕ ਦੀ ਗਲਤ ਵਰਤੋਂ ਕਰਦਿਆਂ ਹੋਇਆਂ ਇਹ ਗੱਲ ੧੯੨੪ ਨਾਲ ਜਾ ਜੋੜੀ ਹੈ।) ਮੇਰੇ ਪਾਪਾ ਜੀ, ਜਿਹੜੇ ਭਗਤ ਸਿੰਘ ਨਾਲੋਂ ਇਕ ਸਾਲ ਛੋਟੇ ਸਨ, ੨੩੩ ਚੱਕ (ਲਾਇਲਪੁਰ) ਵਿੱਚ ਸਕੂਲ ਨਾ ਹੋਣ ਕਰ ਕੇ ਜਿਨ੍ਹਾਂ ਪ੍ਰਾਇਮਰੀ ਬੰਗੇ (੧੦੫ ਚੱਕ) ਵਿਖੇ ਭਗਤ ਸਿੰਘ ਨਾਲ ਕੀਤੀ ਸੀ ਅਤੇ ਨੌਂਵੀਂ ਦਸਵੀਂ ਵਿਚ ਉਸ ਦੇ ਹਮ- ਜਮਾਤੀ ਰਹੇ, ਸਹਿਜ- ਸੁਭਾਅ ਕਿਹਾ ਕਰਦੇ ਸਨ : "ਜਨਾਬ ! ਭਗਤ ਸਿੰਘ ਸਾਡੇ ਨਾਲੋਂ ਪੜ੍ਹਨ ਵਿਚ ਲਾਇਕ ਸੀ।—— ਜੋਸ਼ ਵਿਚ ਆ ਕੇ ਉਹ ਲੈਕਚਰ ਵੀ ਕਮਾਲ ਕਰਦਾ ਸੀ ਪਰ ਉਹ 'ਸ਼ੋਈ' (Showy) ਵੀ ਹੱਦ ਦਰਜੇ ਦਾ ਸੀ।" ਗਾਰਗੀ ਤੇ ਉਸ ਦੇ ਨਾਲ ਦਾ ਇਹ ਹਵਾਲਾ ਦਸਦਾ ਹੈ ਕਿ ਭਗਤ ਸਿੰਘ ਵਿਚ ਹੁਸ਼ਿਆਰ ਹੋਣ ਦੇ ਨਾਲ ਨਾਲ ਨਾਇਕ ਬਣਨ ਦਾ ਤੀਖਣ ਜਜ਼ਬਾ ਅਤੇ ਸ਼ੁਹਰਤ ਦੀ ਤਾਂਘ ਬਚਪਨ ਤੋਂ ਜੁਆਨੀ ਤਕ ਕਾਇਮ ਸਨ। ਹੋਰ ਮਿਸਾਲਾਂ ਦੇਣ ਲਈ ਥਾਂ ਦੀ ਗੁੰਜਾਇਸ਼ ਨਹੀਂ ।

ਜੇਲ੍ਹ ਚਿੱਠੀ ਦੇ ਮੁੱਖ ਵਿਸ਼ੇ ਅਨੁਸਾਰ ਭਾਈ ਸਾਹਿਬ ਦੇ ਬਚਨ ਸੁਣ ਕੇ ਭਗਤ ਸਿੰਘ ਵਿਚ ਰੱਬ ਅਤੇ ਸਿੱਖੀ ਦਾ ਗੁਆਚਿਆ ਉਮਾਹ ਮੁੜ ਜਾਗਿਆ ਅਤੇ ਉਸ ਨੇ ਕੇਸ ਰੱਖਣ ਦਾ ਪ੍ਰਣ ਕੀਤਾ। ਕਰਮ ਬਰਸਟ ਦਲੀਲ ਦਿੰਦੇ ਹਨ ਕਿ ਭਗਤ ਸਿੰਘ ਦਾ ਟੱਬਰ ਆਰੀਆ ਸਮਾਜੀ ਸੀ, ਸੋ ਸ਼ਹੀਦ ਧਾਰਮਿਕ ਨੁਕਤੇ ਤੋਂ ਕੇਸ ਰੱਖਣ ਦਾ ਪਾਬੰਦ ਨਹੀਂ ਸੀ। ਸਾਡੀ ਬੇਨਤੀ ਹੈ ਕਿ ਉਨ੍ਹੀਵੀਂ ਸਦੀ ਤੇ ਇਸ ਸਦੀ ਦੇ ਸ਼ੁਰੂ ਵਿਚ ਆਰੀਆ ਸਮਾਜੀ ਬਣੇ ਬਹੁਤ ਸਾਰੇ ਸਿੱਖ ਪਰਿਵਾਰਾਂ ਵਿਚ ਇਸ ਨਵੀਂ ਸੰਪ੍ਰਦਾਇ ਵਿਚ ਆਉਣ ਪਿਛੋਂ ਵੀ ਸਿੱਖ ਧਰਮ ਨਾਲ ਜਜ਼ਬਾਤੀ ਲਗਾਓ ਕਾਇਮ ਰਿਹਾ ਸੀ, ਜਿਵੇਂ ਕਿ ਅੱਜ ਕੱਲ ਸੈਂਕੜੇ ਰਾਧਾਸੁਆਮੀ ਬਣੇ ਸਿੱਖਾਂ ਵਿਚ ਵੇਖਿਆ ਜਾ ਸਕਦਾ ਹੈ। ਭਗਤ ਸਿੰਘ ਦਾ ਦਾਦਾ ਅਰਜਨ ਸਿੰਘ ਕਿਸੇ ਹੱਦ ਤਕ ਆਰੀਆ ਸਮਾਜੀ ਸੀ ਪਰ ਪਿਤਾ ਕਿਸ਼ਨ ਸਿੰਘ ਉਦਾਰਵਾਦੀ ਸਿੱਖ ਸੀ। ਧਰਮ ਦੇ ਕੌਮੀ ਸੰਸਕਾਰਾਂ ਦਾ ਕਿਸੇ ਬਲਵਾਨ ਪ੍ਰਕਾਸ਼-ਛਿਨ ਮਾਨਵ ਉਤੇ ਹਾਵੀ ਹੋ ਜਾਣਾ ਕੋਈ ਅਲੋਕਾਰ ਗੱਲ ਨਹੀਂ। **ਬਲਿਊ ਸਟਾਰ ਦੇ ਦਿਨਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਕਾਮਰੇਡ ਵੀ ਫੁੱਟ ਫੁੱਟ ਕੇ ਰੋਏ ਸਨ** । ਮੈਂ ਨਾਸਤਕ ਦਰਸ਼ਨ ਦੇ ਪੈਰੋਕਾਰਾਂ ਉਤੇ ਧਰਮ ਦੇ ਜ਼ਬਰਦਸਤ ਪ੍ਰਭਾਵ ਦੀਆਂ ਸੌ ਤੋਂ ਉਪਰ ਜ਼ਿੰਦਾ ਮਿਸਾਲਾਂ ਦੇ ਸਕਦਾ ਹਾਂ ਪਰ ਦਾਨਿਸ਼ਵਰਾਂ ਲਈ ਕੁਝ ਹੀ ਕਾਫੀ ਹਨ : 'ਪੰਜਾਬੀ ਟ੍ਰਿਬਿਊਨ' ਵਿਚ ਸ. ਗੁਲਜ਼ਾਰ ਸਿੰਘ ਸੰਧੂ ਨੇ ਕੁਝ ਵਰ੍ਹੇ ਪਹਿਲਾਂ 'ਖੁਲ੍ਹੀਆਂ ਗੱਲਾਂ' ਦੇ ਸਿਰਲੇਖ ਹੇਠ ਸੰਤ ਸਿੰਘ ਸੇਖੋਂ ਨਾਲ ਹੋਈ ਇਕ ਵਾਰਤਾਲਾਪ ਛਾਪੀ ਸੀ ਜਿਸ ਵਿਚ ਸੇਖੋਂ ਸਾਹਿਬ ਨੇ ਮੰਨਿਆ ਸੀ ਕਿ ਉਹ ਕਦੇ ਕਦੇ ਸਾਹਿਤਕ ਸੁਹਜ ਸੁਆਦ ਲੈਣ ਲਈ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਨ । ਸਾਫ ਹੈ ਕਿ ਮਾਰਕਸਵਾਦੀ ਸੇਖੋਂ ਦੀ ਚੇਤਨਾ ਦੀ ਕਿਸੇ ਤਹਿ ਵਿਚ ਰੱਬ ਦਾ ਖਿਆਲ/ਭੈਅ/ਸੁਆਦ ਕਾਇਮ ਹੈ, ਕਿਉਂਕਿ ਰਹਿਰਾਸ ਸਾਹਿਬ ਵਿਚ ਰੱਬ ਨੂੰ ਨਫ਼ੀ ਕਰਨ ਪਿਛੋਂ ਸਾਹਿਤਕ ਰਸ ਦੇਂਦੀ ਕੋਈ ਬੂੰਦ ਨਹੀਂ ਰਹਿੰਦੀ । ਇਕ ਮਿਸਾਲ ਹੋਰ । ਸ਼ਹੀਦ ਦੇ ਖਾਨਦਾਨ ਵਿਚੋਂ (ਇਕ ਹੀ ਪੜਦਾਦਾ) ਕਰੀਹਾ ਪਿੰਡ ਦੇ ਅਵਤਾਰ ਸਿੰਘ ਸੰਧੂ (ਸਾਬਕਾ ਡੀ. ਐਸ. ਪੀ.) ਬਹੁਤ ਨਿਰਮਲ ਮਾਰਕਸਵਾਦੀ ਅਤੇ ਚੰਗੇ ਵਿਦਵਾਨ ਸਨ, ਪਰ ਦਾਸ ਦੇ ਸੰਪਰਕ ਵਿਚ ਆਉਣ ਤੋਂ ਇਕ ਦੋ ਸਾਲ ਪਹਿਲਾਂ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਉਹ ਧਰਮ ਸੰਸਕਾਰਾਂ ਦੇ ਜ਼ੋਰ ਕਾਰਨ ਜਾਂ ਕਿਸੇ ਸ਼ੁਭ ਸੰਗਤ ਦੀ ਪ੍ਰੇਰਨਾ ਵੱਸ ਖਾਲਸ ਗੁਰਸਿੱਖ ਖਿਆਲਾਂ ਦੇ ਹੋ ਗਏ ਸਨ । ਉਨ੍ਹਾਂ ਨੇ ਪਿਆਰ ਦੀ ਸ਼ਕਤੀਸ਼ਾਲੀ ਪ੍ਰੇਰਨਾ ਰਾਹੀਂ ਆਪਣੇ ਪਰਮ ਮਿੱਤਰ ਗੁਰਬਖਸ਼ ਸਿੰਘ ਕਾਹਲੋਂ (ਸਾਬਕਾ ਡੀ. ਐਸ. ਪੀ.) ਕੋਲੋਂ ਗੁਰਬਾਣੀ ਦੇ ਨਿਰੋਲ ਅਨੁਭਵੀ ਸੰਕਲਪਾਂ ਵਾਲੀ ਕਾਵਿ-ਪੁਸਤਕ 'ਕਿਵ ਕੂੜੈ ਤੁਟੈ ਪਾਲਿ' ਲਿਖਵਾਈ ਅਤੇ ਮੇਰੀ ਲੰਮੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦੀਆਂ ਵੀਹ ਕਾਪੀਆਂ ਦੀ ਮਲੋਜ਼ੋਰੀ ਕੀਮਤ ਤਾਰ ਕੇ ਇਨ੍ਹਾਂ ਨੂੰ ਦੋਸਤਾਂ ਦੀ ਭੇਟਾ ਕਰ ਦਿੱਤਾ । **ਇਹ ਮਿਸਾਲਾਂ ਦੱਸਦੀਆਂ ਹਨ ਕਿ ਭਗਤ ਸਿੰਘ ਦੀ ਚੇਤਨਾ ਉਤੇ ਆਰੀਆ ਸਮਾਜੀ ਅਤੇ ਮਾਰਕਸਵਾਦੀ ਵਿਚਾਰਾਂ ਦਾ ਉਸਰਿਆ ਮਸਨੂਈ ਢਾਂਚਾ ਭਾਈ ਰਣਧੀਰ ਸਿੰਘ ਦੀ ਰੁਹਾਨੀ ਛੂਹ ਨਾਲ ਟੁੱਟ ਸਕਦਾ ਸੀ** ।



www.AKJ.Org

ਹੁਣ ਅਸੀਂ ਭਾਈ ਸਾਹਿਬ ਦੀ ਜੇਲ੍ਹ ਚਿੱਠੀ ਨੂੰ ਨਕਾਰਣ ਦੀ ਅਸਫਲ ਕੋਸ਼ਿਸ਼ ਕਰਦੀ ਸ਼ਹੀਦ ਦੇ ਨਾਂ ਨਾਲ ਜੋੜੀ ਜਾਂਦੀ ਲਿਖਤ 'ਮੈਂ ਨਾਸਤਕ ਕਿਉਂ ਹਾਂ ? (ਸਫਾ ੩੨੭) ਦੀ ਸੰਖੇਤ ਪੜਤਾਲ ਕਰਦੇ ਹਾਂ । ਇਹ ਲਿਖਤ ੨੭-੯-੩੧ ਦੇ 'ਦੀ ਪੀਪਲ' ਵਿਚ ਛਪ ਜਾਣ ਨਾਲ ਪ੍ਰਮਾਣਿਕ ਨਹੀਂ ਬਣ ਜਾਂਦੀ । ਪ੍ਰੋ. ਜਗਮੋਹਨ ਦੀ ਇਸ ਕਿਤਾਬ ਵਿਚ ਸ਼ਹੀਦ ਦੀਆਂ ਅਸਲੀ ਲਿਖਤਾਂ ਥੋੜ੍ਹੀਆਂ ਪਰ ਫਰਜ਼ੀ ਜ਼ਿਆਦਾ ਹਨ । ਮੇਰੀ ਖੋਜ ਲੰਮੀ ਹੈ ਪਰ ਦਾਨਿਸ਼ਵਰਾਂ ਲਈ ਇਥੇ ਇਸ਼ਾਰੇ ਹੀ ਦਰਜ ਕਰਦਾ ਹਾਂ । ਸਾਹਿਤ ਤੇ ਲੋਕ ਚੇਤੰਨਤਾ' (ਸਫਾ ੪) ਲੇਖ ਭਗਤ ਸਿੰਘ ਦਾ ਨਹੀਂ ਹੋ ਸਕਦਾ । ਲੇਖ ਕਿਸੇ ਕੱਟੜ ਆਰੀਆ ਸਮਾਜੀ ਦਾ ਲਿਖਿਆ ਹੈ ਜਿਹੜਾ ਉਰਦੂ, ਫਾਰਸੀ, ਫਾਰਸੀ ਲਿਪੀ ਅਤੇ ਮੁਸਲਮਾਨਾਂ ਦਾ ਕੱਟੜ ਵਿਰੋਧੀ ਹੈ ਅਤੇ ਗੁਰਮੁਖੀ ਲਿਪੀ ਦੀ ਥਾਂ 'ਹਿੰਦੀ ਲਿਪੀ' (ਦੇਵਨਾਗਰੀ ਨਹੀਂ) ਦਾ ਮੁਦਈ ਹੈ : " ਹਿੰਦੀ ਲਿਪੀ ਦੇ ਅਪਨਾਉਣ ਨਾਲ ਹੀ ਪੰਜਾਬੀ ਹਿੰਦੀ ਜਿਹੀ ਬਣ ਜਾਂਦੀ ਹੈ" ( ਸਫ਼ਾ ੧੦) । ਭਗਤ ਸਿੰਘ ਫਾਰਸੀ ਲਿਪੀ ਅਤੇ ਉਰਦੂ ਜ਼ੁਬਾਨ ਦਾ ਲਾਸਾਨੀ ਆਸ਼ਿਕ ਸੀ; ੧੯੨੩-੨੪ ਈ: ਵਿਚ ਉਹ ਅਜਿਹੇ ਭਾਵ ਕਿਸੇ ਲੇਖ ਵਿਚ ਪ੍ਰਗਟਾ ਹੀ ਨਹੀਂ ਸਕਦਾ । ਇਸ ਕਿਤਾਬ ਦੇ ਕਿੰਨਿਆਂ ਹੀ ਲੇਖਾਂ ਉਤੇ ਕਿਰਤੀ ਦਾ ਹਵਾਲਾ ਦੇ ਕੇ ਲਿਖਾਰੀ ਦਾ ਨਾਮ ਅੰਦਾਜ਼ੇ ਨਾਲ ਹੀ ਭਗਤ ਸਿੰਘ ਲਿਖ ਦਿੱਤਾ ਗਿਆ ਹੈ, ਜਿਵੇਂ ਸਫਾ ੪੫, ੬੫ ਅਤੇ ੧੫੮ ਦੇ ਲੇਖ । ਮੈਂ ਨਾਸਤਕ ਕਿਉਂ ਹਾਂ ? ਦਾ ਲੇਖਕ ਭਗਤ ਸਿੰਘ ਹੋਣ ਉਤੇ ਮੇਰੀ ਤਰਕਸ਼ੀਲ ਅਨੁਭਵੀ ਚੇਤਨਾ ਨੂੰ ਸੰਦੇਹ ਹੈ । ਇਸ ਲੇਖ ਦੀਆਂ ਕੁਲ ਕਮਜ਼ੋਰੀਆਂ ਦੀ ਚਰਚਾ ਏਥੇ ਨਹੀਂ ਹੋ ਸਕਦੀ; ਕੁਝ ਖਾਸ ਗਲਤੀਆਂ ਵੱਲ ਹੀ ਧਿਆਨ ਦਿਵਾ ਰਿਹਾ ਹਾਂ । ਭਗਤ ਸਿੰਘ ਦੇ ਪ੍ਰਾਇਮਰੀ ਅਤੇ ਮੈਟ੍ਰਿਕ ਵਿਚ ਕੇਸ ਸਨ ਪਰ ਇਸ ਲੇਖ ਵਿਚ ਦਸਿਆ ਹੈ ਕਿ ਉਨ੍ਹਾਂ ਨੇ ਨੈਸ਼ਨਲ ਕਾਲਜ ਵਿਚ ਦਾਖਲ ਹੋ ਕੇ ਕੇਸ ਰੱਖ ਲਏ ਅਤੇ ਲੇਖ ਉਨ੍ਹਾਂ ਦੇ ਕੇਸ ਰੱਖਣ ਦਾ ਮਸਲਾ ਰੱਬ ਦੇ ਵਿਸ਼ਵਾਸ ਨਾਲ ਵੀ ਜੋੜਦਾ ਹੈ (ਲਿਖਤਾਂ ਸਫਾ ੩੨੯) । ਫਿਰ ਭਗਤ ਸਿੰਘ ਦੇ ਨੈਸ਼ਨਲ ਕਾਲਜ ਵਿਚ ਦਾਖਲ ਹੋ ਕੇ ਕੇਸ ਰੱਖਣ ਦਾ ਕੀ ਤਰਕ ਹੈ ਜਦੋਂ ਕਿ ਇਨ੍ਹਾਂ ਦਿਨਾਂ ਵਿਚ ਮਾਰਕਸੀ ਫਿਲਾਸਫੀ ਦੇ ਨੇੜੇ ਹੋਣ ਕਰਕੇ ਉਸ ਦਾ ਰੱਬੀ ਵਿਸ਼ਵਾਸ ਲੇਖ ਦੀ ਅੰਦਰਲੀ ਦਲੀਲ ਅਨੁਸਾਰ ਘਟਣਾ ਚਾਹੀਦਾ ਸੀ । ਦੂਜੇ ਪਾਸੇ ਜੇ ਕੇਸ ਰੱਖਣ ਦਾ ਸਬੰਧ ਲੇਖ ਅਨੁਸਾਰ ਸਿਰਫ ਰੱਬੀ ਵਿਸ਼ਵਾਸ ਨਾਲ ਹੀ ਹੈ ਤਾਂ ੧੯੨੬ ਵਿਚ ਨਾਸਤਕ ਬਣਨ ਪਿਛੋਂ (ਸਫਾ ੩੩੧) ਉਨ੍ਹਾਂ ਨੇ ਕੇਸ ਕਿਉਂ ਨਾ ਕਟਾਏ ? ਫਿਰ ਜਦੋਂ ਸ਼ਹੀਦ ਨੇ ਦਸੰਬਰ ੧੯੨੮ ਵਿਚ ਸਾਂਡਰਸ ਦੇ ਕਤਲ ਪਿਛੋਂ ਕੇਸ ਕਟਾਏ ਤਾਂ ਇਸ ਲੇਖ ਨੇ ਉਸ ਸਮੇਂ ਕੇਸ ਕਟਾਉਣ ਦੇ ਮਸਲੇ ਦਾ ਆਸਤਕਤਾ, ਨਾਸਤਕਤਾ ਅਤੇ ਮਜਬੂਰੀ ਦੇ ਸਦੰਰਭ ਵਿਚ ਮਾਮੂਲੀ ਜ਼ਿਕਰ ਵੀ ਕਿਉਂ ਨਾ ਕੀਤਾ ਜਦੋਂ ਕਿ ਭਾਈ ਸਾਹਿਬ ਦੀ ਵਾਰਤਾਲਾਪ ਦਾ ਵੱਡਾ ਵਿਸ਼ਾ ਹੀ ਦਸੰਬਰ ੧੯੨੮ ਵਿਚ ਕੇਸ ਕਟਾਉਣ ਦੀ ਘਟਨਾ ਸੀ ? ਅਸਲ ਵਿਚ ਸਿਆਸੀ ਮੰਤਵਾਂ ਨੂੰ ਸਾਹਮਣੇ ਰੱਖ ਕੇ ਲਿਖਿਆ ਗਿਆ ਇਹ ਲੇਖ ਅਤਿ ਮਸਨੂਈ ਅਤੇ ਸਵੈ-ਵਿਰੋਧੀ ਵਿਚਾਰਾਂ ਵਾਲਾ ਹੈ ਅਤੇ ਇਸ ਦੇ ਸ਼ੁਰੂ ਦੀਆਂ ਕੁਝ ਸਤਰਾਂ ਤੇ ਇਸ ਦਾ ਅੰਤਲਾ ਪੈਰਾ ਇਸ ਨਾਲ ਅਣਸਾਹਿਤਕ ਢੰਗ ਨਾਲ ਟਾਂਕੇ ਗਏ ਹਨ । ਭਾਈ ਸਾਹਿਬ ਨਾਲ ਮੁਲਾਕਾਤ ਪਿਛੋਂ ਭਗਤ ਸਿੰਘ ਉਤੇ ਪਏ ਪ੍ਰਭਾਵ ਦੀ ਚਰਚਾ ਸਮੁੱਚੇ ਸਿੱਖ ਜਗਤ ਵਿਚ ਫੈਲ ਗਈ ਸੀ । ਸੋ ਇਸ ਲੇਖ ਦੀ ਸ਼ਹੀਦ ਦੇ ਪਹਿਲੇ ਨਾਸਤਕ ਰੂਪੀ ਬਿੰਬ ਅਨੁਸਾਰ ਰਚਨਾ ਕਰ ਕੇ ਉਨ੍ਹਾਂ ਦੀ ਸ਼ਹਾਦਤ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਹੀ ਇਸ ਨੂੰ ਉਸ ਸਮੇਂ ਦੇ ਜੋਸ਼ੀਲੇ ਸ਼ੁਭਚਿੰਤਕਾਂ ਵਲੋਂ 'ਦੀ ਪੀਪਲ' ਤਕ ਪੁੱਜਦਾ ਕੀਤਾ ਗਿਆ ।

ਭਾਈ ਸਾਹਿਬ ਦੇ ਕੇਸ-ਰਹਿਤ ਭਗਤ ਸਿੰਘ ਨੂੰ ਮਿਲਣ ਦੇ ਇਨਕਾਰ ਪਿਛੋਂ ਪ੍ਰੋ: ਜਗਮੋਹਨ ਸਿੰਘ ਦੀ ਪੁਸਤਕ (ਸਫਾ ੩੨੭) ਅਤੇ ਭਾਈ ਸਾਹਿਬ ਦੀ ਚਿੱਠੀ ਵਿਚ ਮਿਲਦੇ ਵਖੋ-ਵੱਖਰੇ ਲਫ਼ਜ਼ਾਂ ਵਾਲੇ ਦੋਵੇਂ ਪ੍ਰਤੀਕਰਮ ਭਾਵੇਂ ਸ਼ਹੀਦ ਦੇ ਚਰਿਤਰ ਦੇ ਅਨੁਕੂਲ ਹੀ ਹਨ, ਪਰ ਘਟਨਾ-ਯਥਾਰਥ ਅਨੁਸਾਰ ਦੋਵਾਂ ਵਿਚੋਂ ਇਕ ਹੀ ਠੀਕ ਹੋ ਸਕਦਾ ਹੈ । ਦਲੀਲ ਦਾ ਸਮੁੱਚਾ ਅੰਤਰੀਵੀ ਸੱਚ ਭਾਈ ਸਾਹਿਬ ਦੇ ਹੱਕ ਵਿਚ ਹੋਣ ਕਰਕੇ ਪ੍ਰੋ: ਜਗਮੋਹਨ ਦੀ ਪੁਸਤਕ ਦੇ ਲਫ਼ਜ਼ਾਂ ਅੰਦਰ ਸੱਚ ਦਾ ਵਜ਼ਨ ਨਹੀਂ ਰਹਿੰਦਾ । ਸੋ ਜਜ਼ਬਾਤੀ ਅਤੇ ਮੁਹਬੱਤ ਵਿਚ ਮਖਸੂਰ ਸ਼ਹੀਦ ਆਪਣੇ ਪਿਆਰੇ ਭਾਈ ਸਾਹਿਬ ਵਲੋਂ ਅਪਣੱਤ ਵਿਚ ਦਿੱਤੀ ਝਿੜਕ ਸੁਣ ਕੇ ਯਕੀਨਨ ਜਲ ਭਰ ਆਇਆ ਹੋਵੇਗਾ । ਜੇਲ੍ਹ ਚਿੱਠੀ ਵਿਚ



www.AKJ.Org

ਭਗਤ ਸਿੰਘ ਵਲੋਂ ਕੇਸਹੀਣ ਹੋਣ ਦਾ ਪ੍ਰਸਤੁਤ ਤਰਕ ਵੀ ਇਸੇ ਮਾਹੌਲ ਵਿਚ ਲੈਣਾ ਚਾਹੀਦਾ ਹੈ । ਭਾਵੇਂ ਸ਼ਹੀਦ ਦੀ ਸੂਰਮਗਤੀ ਵੀ ਉਸ ਦੀ ਸ਼ੁਹਰਤ ਦਾ ਕਾਰਨ ਬਣੀ, ਪਰ ਬਿਨਾਂ ਸ਼ੱਕ ਉਸ ਦੀ ਕੇਸਹੀਣ ਤਸਵੀਰ ਨੇ ਵੀ ਇਸ ਪਾਸੇ ਉਸ ਦੀ ਮਦਦ ਕੀਤੀ । ਕੀ ਪਿਛਲੇ ਸੱਠ ਸਾਲਾਂ ਦੇ ਇਤਿਹਾਸ ਨੇ ਪ੍ਰਤੱਖ ਨਹੀਂ ਕਰ ਦਿੱਤਾ ਕਿ ਬ੍ਰਾਹਮਣਵਾਦੀ ਸ਼ਕਤੀ ਦੀਆਂ ਵੱਖ ਵੱਖ ਰਾਜਸੀ ਪ੍ਰਸਥਿਤੀਆਂ ਵਿਚ ਕੇਸਹੀਣ ਤੇ ਕੇਸਧਾਰੀ ਸਿੱਖਾਂ ਦੀ ਕੁਰਬਾਨੀ ਨੂੰ ਪ੍ਰਵਾਨਗੀ ਅਤੇ ਤ੍ਰਿਸਕਾਰ ਮਿਲਣ ਸਮੇਂ ਸ਼ਹੀਦ ਭਗਤ ਸਿੰਘ ਵਾਲੀ ਤ੍ਰਾਸਦਿਕ ਤਕਦੀਰ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ ? ਇਸ ਦਾ ਫੈਸਲਾ ਮੈਂ ਸਰਬ ਧਰਮਾਂ ਅਤੇ ਕੁੱਲ ਰਾਜਸੀ ਦਲਾਂ ਨਾਲ ਸਬੰਧ ਰੱਖਣ ਵਾਲੇ ਨਿਰਪੱਖ ਪਾਠਕਾਂ ਉਤੇ ਹੀ ਛੱਡਦਾ ਹਾਂ ।

ਲਿਖਤਾਂ (ਸਫ਼ਾ ੩੭੯) ਵਿਚ ਕਿਹਾ ਗਿਆ ਹੈ ਕਿ ਸ਼ਹੀਦ ਜੀਵਨ ਦੇ ਅੰਤਿਮ ਦਿਵਸ ਉਤੇ ਮਹਾਨ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ । ਇਸ ਤੱਥ ਅੰਦਰ ਠੀਕ ਅਤੇ ਗਲਤ ਹੋਣ ਦੀਆਂ ਸੰਭਾਵਨਾਵਾਂ ਬਰਾਬਰ ਹਨ ਪਰ ਜੇ ੨੪-੭-੩੦ ਨੂੰ ਲਿਖੇ ਆਪਣੇ ਖਤ (ਸਫ਼ਾ ੩੦੦) ਵਿਚ ਦਰਜ ਇਨਕਲਾਬੀ ਸੋਚਣੀ ਅਤੇ ਸੰਘਰਸ਼ ਦੀ ਤਰਤੀਬ ਵਿਚ ਆਉਂਦੀਆ ਚੌਦਾਂ ਕਿਤਾਬਾਂ ਨੂੰ ਭਗਤ ਸਿੰਘ ਹੁਰਾਂ ਫੈਸ਼ਨ ਦੇ ਤੌਰ ਤੇ ਨਹੀਂ ਸੀ ਮੰਗਿਆ ਤਾਂ ਅਜਿਹਾ ਗੰਭੀਰ ਪਾਠਕ ਲੈਨਿਨ ਦੀ ਜੀਵਨੀ ਬਹੁਤ ਪਹਿਲਾਂ ਪੜ੍ਹੇਗਾ, ਫਾਂਸੀ ਦਾ ਰੱਸਾ ਚੁੰਮਣ ਵਾਲੇ ਦਿਨ ਨਹੀਂ । ਬਾਕੀ ਅੰਤਿਮ ਸਮੇਂ ਅਰਦਾਸ ਤੋਂ ਇਨਕਾਰ ਕਰਨ ਵਾਲੀ ਗੱਲ । ਸਾਡੀ ਅਰਜ਼ ਹੈ ਕਿ ਭਾਈ ਰਣਧੀਰ ਸਿੰਘ ਦਾ ਰੂਹਾਨੀ ਅਤੇ ਉਚ-ਬਿਬੇਕੀ ਸੰਪਰਕ ਪ੍ਰਾਪਤ ਕਰਕੇ ਸ਼ਹੀਦ ਵਿਚ ਸਿੱਖ ਧਰਮ ਦੀ ਚੇਤਨਾ ਆਈ ਸੀ, ਪਰ ਅਸਾਂ ਇਹ ਨਹੀਂ ਕਿਹਾ ਕਿ ਉਨ੍ਹਾਂ ਸੰਤ ਪਦਵੀ ਧਾਰਨ ਕਰ ਲਈ ਸੀ । ਤਬਦੀਲ ਹੁੰਦੇ ਸਮੇਂ ਵੀ ਬੰਦੇ ਵਿਚ ਪੁਰਾਣੇ ਹਉਮੈ ਦਾ ਬਾਹਰਮੁਖੀ ਹੱਠ ਰਹਿੰਦਾ ਹੈ । ਬਾਹਰਮੁਖੀ ਅੜੀ ਨੂੰ ਪਾਲਦਿਆਂ ਵੀ ਅਜਿਹੇ ਬਹੁਤ ਇਨਸਾਨ ਮਿਲ ਜਾਣਗੇ ਜਿਹੜੇ ਫਾਂਸੀ ਦੇ ਤਖਤੇ ਤੱਕ ਦਿਲ ਵਿਚ ਖਾਮੋਸ਼ ਅਰਦਾਸ ਕਰਦੇ ਹਨ । ਸ਼ਹੀਦ ਦੇ ਤਬਦੀਲ ਹੋਣ ਦਾ ਸਹੀ ਸਬੂਤ ਕਸੂਰ ਦੇ ਗ੍ਰੰਥੀ ਨੱਥਾ ਸਿੰਘ ਦਾ ਅਖਬਾਰਾਂ ਨੂੰ ਦਿੱਤਾ ਬਿਆਨ ਹੈ ਜਿਸ ਨੂੰ ਨਾ ਮੰਨਣਾ ਸੁਆਰਥੀ ਸਿਆਸਤਦਾਨਾਂ ਦੀ ਹੱਠ-ਧਰਮੀ ਹੈ ਜਾਂ ਕਮਿਊਨਿਸਟ ਅਤੇ ਜਨ-ਸੰਘੀ ਵਰਗਾਂ ਵਿਚ ਵੰਡੇ ਹੋਏ ਸ਼ਹੀਦ ਦੇ ਪਰਿਵਾਰ ਦਾ ਬੇਬੁਨਿਆਦ ਘੁਮੰਡ ਹੈ । ਮੇਰੀ ਅਰਜ਼ ਹੈ ਕਿ ਅੰਗਰੇਜ਼ ਸਰਕਾਰ ਨੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫਾਂਸੀ ਚਾੜ੍ਹ ਕੇ ਆਪਣਾ ਮਕਸਦ ਹੱਲ ਕਰ ਲਿਆ ਸੀ । ਇਸ ਪਿਛੋਂ ਉਸ ਦੇ ਸਾਹਮਣੇ ਹਰ ਇਕ ਸਰਕਾਰ ਵਾਂਗ ਪ੍ਰਚਲਤ ਅਮਨ-ਕਾਨੂੰਨ ਦੀ ਸੁੱਰਖਿਆ ਦਾ ਸਵਾਲ ਸੀ । ਬੰਗਾ, ੨੩੩ ਚੱਕ ਦੇ ਨੇੜੇ ਹੀ ਸੀ । ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਪਿੰਡ ਵਾਸੀਆਂ ਲਈ ਕੋਈ ਅਜਨਬੀ ਨਹੀਂ ਸਨ । ਸਾਡੇ ਬਜ਼ੁਰਗ ਭਗਤ ਸਿੰਘ ਨੂੰ ਵੀ ਪਿੰਡ ਦੇ ਮੁੰਡੇ ਵਾਂਗ ਹੀ ਸਮਝਦੇ ਸਨ । ਹੋਰਨਾਂ ਆਲੇ-ਦੁਆਲੇ ਦੇ ਪਿੰਡਾਂ, ਵਾਂਗ ਸਾਡੇ ਪਿੰਡ ਦੇ ਸਭ ਮੁਅਤਬਰ ਆਦਮੀ ਫਾਂਸੀ ਵਾਲੇ ਦਿਨ ਲਾਹੌਰ ਪੁੱਜੇ ਸਨ ।

ਮੇਰੇ ਅਧਿਐਨ ਅਤੇ ਨਿੱਜੀ ਪੜਤਾਲ ਅਨੁਸਾਰ ਉਸ ਦਿਨ ਲਾਹੌਰ ਵਿਚ ਉਦਾਸ ਲੋਕਾਂ ਦਾ ਇੱਕਠ ਤਾਂ ਹੋਇਆ ਸੀ ਪਰ ਬਗਾਵਤ ਵਾਲੀ ਕੋਈ ਗੱਲ ਨਹੀਂ ਸੀ । ਬ੍ਰਿਟਿਸ਼ ਸਰਕਾਰ ਦਾ ਦੇਸ਼ ਭਗਤਾਂ ਦੀਆਂ ਲਾਸ਼ਾਂ ਨੂੰ ਵਾਰਸਾਂ ਦੇ ਹਵਾਲੇ ਨਾ ਕਰਨ ਅਤੇ ਰਾਤ ਸਮੇਂ ਉਨ੍ਹਾਂ ਨੂੰ ਹੁਸੈਨੀਵਾਲਾ ਸਸਕਾਰ ਲਈ ਲੈ ਜਾਣਾ ਸਮਝ ਵਿਚ ਆਉਣ ਵਾਲੀ ਗੱਲ ਹੈ । ਭਾਵੇਂ ਇਹ ਵਤੀਰਾ ਅਣਮਨੁੱਖੀ ਜ਼ਰੂਰ ਲਗਦਾ ਹੈ ਪਰ ਸਰਕਾਰ ਨੇ ਬਦਅਮਨੀ ਦੇ ਹਰ ਸੰਭਵ ਖਤਰੇ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਕਦਮ ਉਠਾਉਣਾ ਹੀ ਸੀ । ਇਸ ਪ੍ਰਸੰਗ ਵਿਚ ਪ੍ਰੋ. ਜਗਮੋਹਨ ਸਿੰਘ (ਸਫਾ ੩੭੩) ਅਤੇ ਬਰਸਟ ਦਾ ਇਹ ਨਿਰੀਖਣ ਕਿੰਨਾ ਬਚਗਾਨਾ ਹੈ ਕਿ ਕਾਲਾ ਵਾਰੰਟ ਲਿਖਣ ਵਾਲੀ ਕਲਮ ਅੰਗਰੇਜ਼ ਸਰਕਾਰ ਨੇ ਪੁਲਿਸ ਦੇ ਹੌਸਲੇ ਵਧਾਉਣ ਲਈ ਫਿਲੌਰ ਕਿਲ੍ਹੇ ਵਿਚ ਲਿਆ ਰਖੀ ਸੀ ।

ਹੁਣ ਸਰਕਾਰ ਦੀ ਗੱਲ । ਬ੍ਰਿਟਿਸ਼ ਸਰਕਾਰ ਐਨੀ ਅਨਾੜੀ ਨਹੀਂ ਸੀ, ਜਿੰਨੀ ਜਗਮੋਹਨ ਸਿੰਘ ਅਤੇ ਬਰਸਟ ਦੀ ਹਵਾਈ ਕਲਪਨਾ ਵਿਚ ਹੈ । ਫਾਂਸੀ ਦਾ ਮੰਤਵ ਹੱਲ ਹੋ ਜਾਣ ਪਿਛੋਂ ਕੌਮੀ ਪੱਧਰ ਉਤੇ ਸਤਿਕਾਰੇ ਗਏ ਭਗਤ ਸਿੰਘ ਅਤੇ ਸਾਥੀਆਂ ਦੀਆਂ ਲਾਸ਼ਾਂ ਨੂੰ ਟੋਟਿਆਂ ਵਿਚ ਜਲਾ ਕੇ ਚਾਲਾਕ ਅੰਗਰੇਜ਼ ਸਰਕਾਰ ਨੇ ਮੁਫਤ ਦੀ ਬਦਨਾਮੀ ਕਾਹਤੋਂ



www.AKJ.Org

ਲੈਣੀ ਸੀ ? ਕਿੰਨੀ ਹਾਸੋਹੀਣੀ ਸੋਚ ਹੈ ਕਿ ਛੇਤੀਂ ਜਾਲਣ ਦੀ ਵਿਧੀ ਵਜੋਂ ਲਾਸ਼ਾਂ ਦੇ ਟੁਕੜੇ ਕੀਤੇ ਗਏ । ਇਹ ਕੋਈ ਜਲ੍ਹਿਆਂਵਾਲਾ ਜਾਂ ਬਲਿਊ ਸਟਾਰ ਦਾ ਕਤਲੇਆਮ ਨਹੀਂ ਸੀ ਕਿ ਲਾਸ਼ਾਂ ਨੂੰ ਜਾਲਣ ਲਈ ਵੱਖ ਵੱਖ ਚਿਖਾਵਾਂ/ਕਬਰਾਂ ਦਾ ਪ੍ਰਬੰਧ ਨਾ ਹੋ ਸਕਦਾ । ਅਜਿਹੇ ਕੇਸ ਵਿਚ ਤਿੰਨ ਚਿਖਾਵਾਂ ਦੀ ਤਿਆਰੀ, ਥਾਂ ਅਤੇ ਲਾਸ਼ਾਂ ਸੜਨ ਦੀ ਰਫਤਾਰ ਦੀ ਯੋਜਨਾ ਸ਼ਾਤਿਰ ਅੰਗਰੇਜ਼ ਸਰਕਾਰ ਨੇ ਬਹੁਤ ਪਹਿਲਾਂ ਬਣਾਈ ਹੋਵੇਗੀ । ਦਸਿਆ ਗਿਆ ਹੈ (ਲਿਖਤਾਂ ਸਫਾ ੩੭੩) ਕਿ ਸ਼ਹੀਦ ਦੀ ਸਤਿਕਾਰਯੋਗ ਭੈਣ ਨੇ ਹੁਸੈਨੀਵਾਲਾ ਤੋਂ ਕੋਟੀਆਂ ਲਾਸ਼ਾਂ ਦੇ ਖੂਨ ਨਾਲ ਭਿੱਜੀ ਰੇਤ ਅਤੇ ਰੋੜੇ ਲਿਆਂਦੇ ਸਨ, ਜਿਨ੍ਹਾਂ ਨੂੰ ਖਟਕੜ ਕਲਾਂ ਵਿਖੇ ਸਾਂਭਿਆ ਹੋਇਆ ਹੈ । ਸਾਡੀ ਅਰਜ਼ ਹੈ ਕਿ ਘੱਟੋ ਘੱਟ ਚੌਦਾਂ ਘੰਟੇ ਪੁਰਾਣੀ ਲਾਸ਼ ਕੱਟਣ ਨਾਲ ਖੂਨ ਨਹੀਂ ਵਗਦਾ ਹੁੰਦਾ । ਖੂਨ ਵਗਣ ਨਾਲ ਹੀ ਰੇਤ ਅਤੇ ਰੋੜੇ ਭਿੱਜਦੇ ਹਨ । ਬਾਕੀ ਰਿਹਾ ਕਸੂਰ ਦੇ ਗ੍ਰੰਥੀ ਨੱਥਾ ਸਿੰਘ ਦਾ ਭਗਤ ਸਿੰਘ ਦੇ ਕੇਸਾਂ ਵਾਲਾ ਉਹ ਮਾਸੂਮ ਬਿਆਨ । ਨਿਰਪੱਖ ਦਾਨਿਸ਼ਵਰ ਲਈ ਇਹ ਸਮਝਣਾ ਮੁਨਾਸਿਬ ਨਹੀਂ ਕਿ ਜੇ ਬਿਨਾਂ ਹਿੰਗ ਫਟਕੜੀ ਲਗਿਆ ਅੰਗਰੇਜ਼ ਸਰਕਾਰ ਇਕ ਵਡੀ ਇਖਲਾਕੀ ਜ਼ਿੰਮੇਦਾਰੀ ਦਾ ਭਾਰ ਸਿਰੋਂ ਲਾਹ ਸਕਦੀ ਹੋਵੇ ਤਾਂ ਉਸ ਨੂੰ ਅਜਿਹਾ ਕਰਨ ਵਿਚ ਕੋਈ ਇਤਰਾਜ਼ ਨਹੀਂ ਹੋ ਸਕਦਾ ਸੀ । ਸ਼ਹੀਦ ਦੇ ਸਸਕਾਰ ਸਮੇਂ ਗ੍ਰੰਥੀ ਕੋਲੋਂ ਅਰਦਾਸ ਕਰਾਉਣ ਵਿਚ ਸਰਕਾਰ ਨੂੰ ਕਿਹੜਾ ਅੜਿੱਕਾ ਸੀ ? ਭਗਤ ਸਿੰਘ ਅਤੇ ਉਸ ਦੇ ਸਾਥੀਆ ਦੇ ਉਨ੍ਹਾਂ ਦੇ ਧਰਮ ਦੀ ਰਵਾਇਤ ਅਨੁਸਾਰ ਅੰਤਿਮ ਸਸਕਾਰ ਕਰਨ ਪਿਛੇ ਬ੍ਰਿਟਿਸ਼ ਸਰਕਾਰ ਦੀ ਵਾਇਸਰਾਏ ਤਕ ਦੀ ਸੋਚੀ ਸਮਝੀ ਨੀਤੀ ਸੀ, ਕਿਸੇ ਉਤੇ ਕੋਈ ਅਹਿਸਾਨ ਨਹੀਂ ਸੀ । ਗ੍ਰੰਥੀ ਕੋਲੋਂ ਝੂਠਾ ਬਿਆਨ ਦਿਵਾ ਕੇ ਤਾਂ ਸਰਕਾਰ ਨੂੰ ਭੇਦ ਖੁੱਲਣ ਦਾ ਖਤਰਾ ਹੀ ਖਤਰਾ ਸੀ । (ਗ੍ਰੰਥੀ ਨੱਥਾ ਸਿੰਘ ਇਸ ਘਟਨਾ ਤੋਂ ਪਿਛੋਂ ਕਈ ਸਾਲ ਜਿੰਦਾ ਰਿਹਾ ਸੀ।) ਸੈਂਕੜੇ ਸਿੱਖ ਅੱਜ ਵੀ ਮਿਲ ਜਾਣਗੇ ਜਿਹੜੇ ਆਪਣੇ ਦੁਸ਼ਮਣ ਲਈ ਵੀ ਅਰਦਾਸ ਕਰ ਸਕਦੇ ਹਨ, ਸ਼ਹੀਦ ਤਾਂ ਫਿਰ ਵੀ ਆਪਣਾ ਸੀ, ਪ੍ਰੋ. ਜਗਮੋਹਨ ਸਿੰਘ ਤੇ ਬਰਸਟ ਵਰਗੇ ਅਨੇਕਾਂ ਲੋਕ ਨੱਥਾ ਸਿੰਘ ਉਤੇ ਖਫਾ ਹਨ ਕਿ ਉਸ ਨੂੰ ਲਹੂ ਭਿਜੇ ਰੋੜਾਂ ਦੀ ਥਾਂ ਸਿਰਫ ਭਗਤ ਸਿੰਘ ਦੇ ਕੇਸ ਹੀ ਕਿਉਂ ਦਿਸੇ (ਲਿਖਤਾਂ, ਸਫਾ ੩੭੩) ਸਾਡੀ ਅਰਜ਼ ਹੈ ਕਿ ਗ੍ਰੰਥੀ ਦਾ ਇਹੀ ਮਸੂਮ ਗੁਨਾਹ ਸੀ ਕਿ ਉਸ ਨੇ ਸ਼ਹੀਦ ਲਈ ਅਰਦਾਸ ਕੀਤੀ ਅਤੇ ਸ਼ਾਇਦ ਸ਼ੁਕਰ ਭਰੇ ਮਨ ਨਾਲ ਉਸ ਦੇ ਕੇਸ ਵੇਖੇ ਅਤੇ ਦੱਸੇ । ਉਹ ਆਪਣੇ ਦੋ ਪੰਡਿਤ ਸਾਥੀਆਂ ਸਮੇਤ ਲਹੂ ਭਿੱਜੀ ਰੇਤ ਅਤੇ ਲਾਸ਼ਾਂ ਦੇ ਟੁਕੜਿਆਂ ਦੀ ਦਾਸਤਾਨ ਵੀ ਦੁਨੀਆਂ ਨੂੰ ਸੁਣਾ ਦਿੰਦਾ, ਪਰ ਜੇ ਉਹ ਹਕੀਕਤ ਹੁੰਦੀ । (ਚਲੋ ਤਿੰਨਾਂ ਵਿਚੋਂ ਕੋਈ ਤਾਂ ਬਰਸਟ ਜਾ ਜਗਮੋਹਨ ਸਿੰਘ ਦੀ ਪੁਸ਼ਟੀ ਕਰਦਾ) ਇਸ ਸਬੰਧ ਵਿਚ ਸਰਕਾਰੀ ਰਿਕਾਰਡ ਹੀ ਠੀਕ ਹਨ । ਬ੍ਰਿਟਿਸ਼ ਪੁਲੀਸ ਦੀ ਕੀ ਮਜਾਲ ਸੀ ਕਿ ਵਾਇਸਰਾਏ/ਗਵਰਨਰ ਤਕ ਦੀ ਨੀਤੀ ਨਾਲ ਸਬੰਧਤ ਅਤੇ ਉਨ੍ਹਾਂ ਦੀ ਜਾਣਕਾਰੀ ਅਨੁਸਾਰ ਜਲਾਈਆਂ ਜਾ ਰਹੀਆਂ ਲਾਸ਼ਾਂ ਦੇ ਅੱਧ-ਜਲੇ ਨਿਸ਼ਾਨਾਂ ਨੂੰ ਕਮਜ਼ੋਰ ਪਹਿਰੇ ਦੀ ਹਾਲਤ ਵਿਚ ਅਧੂਰਾ ਛੱਡ ਕੇ ਚਲੀ ਜਾਂਦੀ, ਜਿਵੇਂ ਪ੍ਰੋ: ਜਗਮੋਹਨ ਸਿੰਘ ਦੀਆਂ ਲਿਖਤਾਂ (ਅੰਤਿਕਾ-ੳ) ਦਸਦੀਆਂ ਹਨ ।

ਅੰਤ ਵਿਚ ਇਹ ਕਹਾਂਗਾ ਕਿ ਭਾਈ ਸਾਹਿਬ ਨੂੰ ਮਿਲਣ ਪਿਛੋਂ ਸ਼ਹੀਦ ਦੀ ਤੀਖਣ ਅਸਤਿਤਵ ਕਸ਼ਮਕਸ਼ ਵਿਚੋਂ ਪੈਦਾ ਹੋਣ ਵਾਲੀ ਦੀਰਘ ਰੂਹਾਨੀ ਤਲਬ ਕੰਮ ਕਰ ਰਹੀ ਸੀ, ਜਿਸ ਨੂੰ ਸਿਰਫ ਲੰਮੀ ਨਜ਼ਮ, ਨਾਟਕ ਜਾ ਲੰਮੀ ਕਹਾਣੀ ਵਿਚ ਦਰਸਾਇਆ ਜਾ ਸਕਦਾ ਹੈ । **ਫਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਜੀ ਦੀ ਹਜ਼ੂਰੀ ਵਿਚ ਬਿਤਾਏ ਪਲ ਹੀ ਸ਼ਹੀਦ ਦੀ ਜ਼ਿੰਦਗੀ ਦੇ ਸਭ ਤੋਂ ਮਹਾਨ ਪਲ ਸਨ ਅਤੇ ਉਨ੍ਹਾਂ ਦੀ ਪ੍ਰਕਾਸ਼ ਕਰਦੀ ਜੇਲ੍ਹ ਚਿੱਠੀ ਇਤਿਹਾਸ ਦੀ ਰੋਸ਼ਨ ਹਕੀਕਤ ਦਾ ਮੁਜਸਮਾ ਹੈ ।**

---

## ਹੋਹੁ ਕ੍ਰਿਪਾਲ ਸੁਆਮੀ ਮੇਰੇ, ਸੰਤਾ ਸੰਗਿ ਵਿਹਾਵੇ,
## ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ।।੧।।੯।।

(ਸਲੋਕ ਮ: ੫- ਪੰਨਾ-੯੬੧)



www.AKJ.Org

# ਗੁਰਬਾਣੀ ਵਿੱਚ ਪ੍ਰਸ਼ਨ ਉੱਤਰ

| ਪ੍ਰਸ਼ਨ | ਉੱਤਰ |
|---|---|
| ੧. **ਕਉਣੁ ਸੁ ਮੁਕਤਾ, ਕਉਣੁ ਸੁ ਜੁਗਤਾ ॥** ਉਹ ਕਿਹੜਾ ਮਨੁੱਖ ਹੈ ਜੋ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ ਅਤੇ ਪ੍ਰਭੂ ਦੇ ਚਰਨਾਂ ਵਿੱਚ ਜੁੜਿਆ ਰਹਿੰਦਾ ਹੈ ? | **ਗੁਰਮੁਖਿ ਮੁਕਤਾ, ਗੁਰਮੁਖਿ ਜੁਗਤਾ ॥** ਗੁਰੂ ਦੇ ਦਸੇ ਰਾਹ ਤੇ ਤੁਰਨ ਵਾਲਾ ਮਨੁੱਖ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ ਅਤੇ ਪ੍ਰਭੂ ਦੀ ਯਾਦ ਵਿੱਚ ਜੁੜਿਆ ਰਹਿੰਦਾ ਹੈ । |
| ੨. **ਕਉਣੁ ਸੁ ਗਿਆਨੀ, ਕਉਣੁ ਸੁ ਬਕਤਾ ॥** ਉਹ ਕਿਹੜਾ ਮਨੁੱਖ ਹੈ ਜੋ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ ਅਤੇ ਉਸ ਦੀ ਸਿਫਤਿ-ਸਾਲਾਹ ਕਰਦਾ ਰਹਿੰਦਾ ਹੈ ? | **ਗੁਰਮੁਖਿ ਗਿਆਨੀ, ਗੁਰਮੁਖਿ ਬਕਤਾ ॥** ਗੁਰੂ ਦੀ ਸ਼ਰਨ ਵਿੱਚ ਰਹਿਣ ਵਾਲਾ ਮਨੁੱਖ ਹੀ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ ਅਤੇ ਪ੍ਰਭੂ ਦੀ ਸਿਫਤ ਸਾਲਾਹ ਕਰਦਾ ਹੈ । |
| ੩. **ਕਉਣੁ ਸੁ ਗਿਰਹੀ, ਕਉਣੁ ਉਦਾਸੀ, ਕਉਣੁ ਸੁ ਕੀਮਤਿ ਪਾਏ ਜੀਉ ॥੧॥** ਸੁੱਚਜਾ ਗ੍ਰਿਹਸਤੀ ਕੌਣ ਹੋ ਸਕਦਾ ਹੈ ? ਮਾਇਆ ਤੋਂ ਨਿਰਲੇਪ ਕੌਣ ਹੈ ? ਉਹ ਕਿਹੜਾ ਮਨੁੱਖ ਹੈ ਜੋ ਮਨੁੱਖਾ ਜਨਮ ਦੀ ਕਦਰ ਸਮਝਦਾ ਹੈ ? | **ਧੰਨੁ ਗਿਰਹੀ ਉਦਾਸੀ ਗੁਰਮੁਖਿ, ਗੁਰਮੁਖਿ ਕੀਮਤਿ ਪਾਏ ਜੀਉ ॥੫॥** ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਹੀ ਭਾਗਾਂ ਵਾਲਾ ਗ੍ਰਿਹਸਤੀ ਹੈ, ਉਹ ਦੁਨਿਆਵੀ ਕਿਰਤ-ਕਾਰ ਕਰਦਾ ਹੋਇਆ ਭੀ ਨਿਰਲੇਪ ਰਹਿੰਦਾ ਹੈ। ਉਹੀ ਮਨੁੱਖਾ-ਜਨਮ ਦੀ ਕਦਰ ਸਮਝਦਾ ਹੈ । |
| ੪. **ਕਿਨਿ ਬਿਧਿ ਬਾਧਾ, ਕਿਨਿ ਬਿਧਿ ਛੂਟਾ ॥** ਮਨੁੱਖ ਮਾਇਆ ਦੇ ਜਾਲ ਵਿੱਚ ਕਿਵੇਂ ਬੱਝ (ਫਸ) ਜਾਂਦਾ ਹੈ ਅਤੇ ਕਿਵੇਂ ਛੁੱਟਦਾ ਹੈ ? | **ਹਉਮੈ ਬਾਧਾ, ਗੁਰਮੁਖਿ ਛੂਟਾ ॥** ਮਨੁੱਖ ਹਉਮੈਂ ਕਾਰਨ ਮਾਇਆ ਦੇ ਬੰਧਨਾਂ ਵਿੱਚ ਬੱਝ ਜਾਂਦਾ ਹੈ ਅਤੇ ਗੁਰੂ ਦੀ ਸ਼ਰਨ ਪੈ ਕੇ ਇਨ੍ਹਾਂ ਬੰਧਨਾਂ ਤੋਂ ਛੁੱਟ ਜਾਂਦਾ ਹੈ । |
| ੫. **ਕਿਨਿ ਬਿਧਿ ਆਵਣੁ, ਜਾਵਣੁ, ਤੂਟਾ ॥** ਕਿਸ ਢੰਗ ਨਾਲ ਜਨਮ ਮਰਨ ਦਾ ਗੇੜ ਮੁੱਕਦਾ ਹੈ । | **ਗੁਰਮੁਖਿ ਆਵਣੁ ਜਾਵਣੁ ਤੂਟਾ ॥** ਗੁਰੂ ਦੇ ਦੱਸੇ ਰਾਹ ਤੇ ਤੁਰਿਆਂ ਮਨੁੱਖ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ । |
| ੬. **ਕਉਣੁ ਕਰਮ, ਕਉਣੁ ਨਿਹਕਰਮਾ, ਕਉਣੁ ਸੁ ਕਹੈ ਕਹਾਏ ਜੀਉ ॥੨॥** ਸੁੱਚਜੇ ਕੰਮ ਕਿਹੜੇ ਹਨ ? ਉਹ ਕਿਹੜਾ ਮਨੁੱਖ ਹੈ ਜੋ ਦੁਨੀਆਂ ਵਿੱਚ ਰਹਿੰਦਾ ਹੋਇਆ ਵੀ ਵਾਸ਼ਨਾ ਰਹਿਤ ਹੈ ? | **ਗੁਰਮੁਖਿ ਕਰਮ, ਗੁਰਮੁਖਿ ਨਿਹਕਰਮਾ, ਗੁਰਮੁਖਿ ਕਰੇ ਸੁ ਸੁਭਾਏ ਜਾਉ ॥੬॥** ਗੁਰੂ ਦੇ ਸਨਮੁੱਖ ਰਹਿ ਕੇ ਹੀ ਸੁੱਚਜੇ ਕੰਮ ਹੋ ਸਕਦੇ ਹਨ । ਗੁਰੂ ਦੇ ਸਨਮੁੱਖ ਰਹਿਣ ਵਾਲਾ ਮਨੁੱਖ ਦੁਨੀਆਂ ਦੀ ਕਿਰਤ-ਕਾਰ ਕਰਦਾ ਹੋਇਆ ਹੀ ਵਾਸ਼ਨਾ ਰਹਿਤ ਰਹਿੰਦਾ ਹੈ । |
| ਉਹ ਕਿਹੜਾ ਮਨੁੱਖ ਹੈ ਜੋ ਆਪ ਸਿਫਤਿ- ਸਾਲਾਹ ਕਰਦਾ ਹੈ ਤੇ ਹੋਰਨਾਂ ਪਾਸੋਂ ਕਰਵਾਉਂਦਾ ਹੈ ? | ਅਜੇਹਾ ਮਨੁੱਖ ਜੋ ਕੁਝ ਵੀ ਕਰਦਾ ਹੈ ਪ੍ਰਭੂ ਪ੍ਰੇਮ ਵਿੱਚ ਟਿਕ ਕੇ ਕਰਦਾ ਹੈ । |



www.AKJ.Org

੭. ਕਉਣੁ ਸੁ ਸੁਖੀਆ, ਕਉਣੁ ਸੁ ਦੁਖੀਆ ॥
ਸੁਖੀ ਜੀਵਨ ਵਾਲਾ ਕੌਣ ਹੈ ? ਕੌਣ ਦੁੱਖਾਂ ਵਿੱਚ ਘਿਰਿਆ ਹੋਇਆ ਹੈ ?

ਗੁਰਮੁਖਿ ਸੁਖੀਆ, ਮਨਮੁਖਿ, ਦੁਖੀਆ ॥
ਗੁਰੂ ਦੇ ਸਨਮੁੱਖ ਰਹਿਣ ਵਾਲਾ ਮਨੁੱਖ ਸੁਖੀ ਜੀਵਨ ਵਾਲਾ ਹੈ ਪਰ ਆਪਣੇ ਮਨ ਦੇ ਮਗਰ ਤੁਰਨ ਵਾਲਾ ਹਮੇਸ਼ਾ ਦੁਖੀ ਰਹਿੰਦਾ ਹੈ ।

੮. ਕਉਣੁ ਸੁ ਸਨਮੁਖ, ਕਉਣੁ ਵੇਮੁਖੀਆ ॥
ਸਨਮੁਖ ਕਿਸ ਨੂੰ ਕਿਹਾ ਜਾਂਦਾ ਹੈ ? ਬੇਮੁਖ ਕੌਣ ਹੈ ?

ਗੁਰਮੁਖਿ ਸਨਮੁਖ, ਮਨਮੁਖਿ ਵੇਮੁਖੀਆ ॥
ਗੁਰੂ ਦੇ ਦਸੇ ਰਾਹ ਤੇ ਤੁਰਨ ਵਾਲਾ ਮਨੁੱਖ ਸਨਮੁਖ ਹੈ ਅਤੇ ਆਪਣੇ ਮਨ ਮਗਰ ਤੁਰਨ ਵਾਲਾ ਬੰਦਾ ਰੱਬ ਵਲੋਂ ਮੂੰਹ ਮੋੜੀ ਰੱਖਦਾ ਹੈ ।

੯. ਕਿਨਿ ਬਿਧਿ ਮਿਲੀਐ, ਕਿਨਿ ਬਿਧਿ ਬਿਛੁਰੈ,
ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥
ਪ੍ਰਭੂ ਚਰਨਾਂ ਵਿੱਚ ਕਿਸ ਤਰ੍ਹਾਂ ਮਿਲ ਸਕੀ ਦਾ ਹੈ ? ਮਨੁੱਖ ਪ੍ਰਭੂ ਤੋਂ ਕਿਵੇਂ ਵਿਛੜ ਜਾਂਦਾ ਹੈ ? ਇਹ ਜਾਚ ਕੌਣ ਸਿਖਾਉਂਦਾ ਹੈ ?

ਗੁਰਮੁਖਿ ਮਿਲੀਐ, ਮਨਮੁਖਿ ਵਿਛੁਰੈ,
ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥
ਗੁਰੂ ਦੇ ਸਨਮੁਖ ਰਿਹਾਂ ਪਰਮਾਤਮਾ ਨੂੰ ਮਿਲ ਸਕੀ ਦਾ ਹੈ, ਆਪਣੇ ਮਨ ਦੇ ਪਿਛੇ ਤੁਰਨ ਵਾਲਾ ਬੰਦਾ ਪਰਮਾਤਮਾ ਤੋਂ ਵਿਛੜ ਜਾਂਦਾ ਹੈ ।

ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਹੀ ਸਹੀ ਜੀਵਨ-ਜਾਂਚ ਸਿਖਾਉਂਦਾ ਹੈ ।

੧੦. ਕਉਣੁ ਸੁ ਅਖਰੁ, ਜਿਤੁ ਧਾਵਤ ਰਹਿਤਾ ॥
ਉਹ ਕਿਹੜਾ ਸ਼ਬਦ ਹੈ ਜਿਸ ਰਾਹੀਂ ਵਿਕਾਰਾਂ ਵਲ ਦੋੜਦਾ ਮਨ ਟਿਕ ਜਾਂਦਾ ਹੈ ?

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਿਤਾ ॥
ਗੁਰੂ ਦੇ ਮੂੰਹੋਂ ਨਿਕਲਿਆ ਸ਼ਬਦ ਹੀ ਉਹ ਬੋਲ ਹੈ ਜਿਸ ਸਦਕਾ ਵਿਕਾਰਾਂ ਵਲ ਦੌੜਦਾ ਮਨ ਟਿਕ ਜਾਂਦਾ ਹੈ ।

੧੧. ਕਉਣੁ ਉਪਦੇਸੁ ਜਿਤੁ ਦੁਖ ਸੁਖ ਸਮ ਸਹਿਤਾ ॥
ਉਹ ਕਿਹੜਾ ਉਪਦੇਸ਼ ਹੈ ਜਿਸ ਤੇ ਚੱਲ ਕੇ ਮਨੁੱਖ ਦੁੱਖ ਸੁਖ ਇਕੋ ਜੇਹੇ ਸਹਾਰ ਸਕਦਾ ਹੈ ?

ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥
ਗੁਰੂ ਤੋਂ ਮਿਲੇ ਉਪਦੇਸ਼ ਸਦਕਾ ਹੀ ਮਨੁੱਖ ਦੁੱਖ ਸੁੱਖ ਨੂੰ ਇਕੋ ਜਿਹਾ ਕਰਕੇ ਸਹਾਰਦਾ ਹੈ ।

੧੨. ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ,
ਕਿਨਿ ਬਿਧਿ ਕੀਰਤਨੁ ਗਾਇ ਜੀਉ ॥੪॥

ਉਹ ਕਿਹੜਾ ਜੀਵਨ ਢੰਗ ਹੈ ਜਿਸ ਨਾਲ ਮਨੁੱਖ ਪ੍ਰਭੂ ਨੂੰ ਸਿਮਰ ਸਕੇ ? ਕਿਸ ਤਰ੍ਹਾਂ ਪ੍ਰਭੂ ਦੀ ਸਿਫਤਿ-ਸਾਲਾਹ ਕਰਦਾ ਰਹੇ ?

ਗੁਰਮੁਖਿ ਚਾਲ ਜਿਤੁ ਪਾਰਬ੍ਰਹਮ ਧਿਆਏ,
ਗੁਰਮੁਖਿ ਕੀਰਤਨੁ ਗਾਏ ਜਾਉ ॥੮॥
(ਮ: ੫ ਪੰਨਾ-੧੩੧)

ਗੁਰੂ ਦੇ ਰਾਹ ਤੇ ਤੁਰਨਾ ਹੀ ਅਜੇਹੀ ਜੀਵਨ ਚਾਲ ਹੈ ਜਿਸ ਰਾਹੀਂ ਮਨੁੱਖ ਪ੍ਰਭੂ ਦਾ ਧਿਆਨ ਧਰ ਸਕਦਾ ਹੈ ਅਤੇ ਪ੍ਰਭੂ ਦੀ ਸਿਫਤਿ-ਸਾਲਾਹ ਕਰਦਾ ਹੈ ।

## ਗੁਰਬਾਣੀ ਦੀ ਅਕਥ ਕਥਾ

ਧੁਰੋਂ ਆਈ ਬਾਣੀ, ਗੁਰਬਾਣੀ ਦੀ ਕਥਾ ਅਕਥ ਹੈ । ਜੋ ਗੁਰੂ ਨਾਨਕ ਸਾਹਿਬ ਦੇ ਘਰ ਦੇ ਤੱਤ ਦੇ ਗਿਆਨੀ ਖਾਸ ਗੁਰਮਤਿ ਗਿਆਨੀ ਹਨ, ਉਹ ਇਸ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪ ਜਪ ਕੇ ਜੀਉਂਦੇ ਹਨ । ਗੁਰਬਾਣੀ ਨੂੰ ਜਪਣਾ, ਜਪੀ ਜਾਣਾ, ਇਸ ਜੀਵਨ ਅਧਾਰ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਤੇ ਪ੍ਰੇਮ ਪਾਠ ਕਰੀ ਜਾਣਾ ਹੀ ਗੁਰਬਾਣੀ ਦੀ ਅਕਥ ਕਥਾ ਹੈ । ਅਕਥ ਕਥਾ ਸੋ, ਜੋ ਕਥਨੀ ਬਦਨੀ ਵਿਚ ਨਾ ਆ ਸਕੇ, ਕੇਵਲ ਜਪੀ ਪਠੀ ਹੀ ਪਰਵਾਨ ਹੋਵੇ । ਅੰਮ੍ਰਿਤ ਰੂਪ ਗੁਰਬਾਣੀ ਦਾ ਜਪਣਾ ਹੀ ਪਾਰਸ ਕਲਾ ਸੰਪੰਨ ਹੈ ।

("ਚਰਨ ਕਮਲ ਦੀ ਮਉਜ" ਨਾਮਕ ਪੁਸਤਕ ਵਿਚੋਂ)



www.AKJ.Org

# ਸਾਬਤ ਸੂਰਤ, ਸਿਰਿ ਦਸਤਾਰ

(ਗਿਆਨੀ ਹਰਬੰਸ ਸਿੰਘ ਉਦਾਸ)

ਗੁਰ ਨਾਨਕ ਜਗ ਮਾਹਿ ਪਠਾਇਆ, ਜਗ ਦਾਤੇ ਨੇ ਸੁਣੀ ਪੁਕਾਰ।
ਰੁਲਦੇ ਖੁਲਦੇ ਲੋਕਾਂ ਦੀ, ਜਦ ਵਿਗੜੀ ਤਿਗੜੀ ਤੱਕੀ ਨੁਹਾਰ।
ਚੜ੍ਹਿਆ ਸੋਧਣ ਧਰਤ ਲੁਕਾਈ, ਮੰਨ ਕੇ ਰੱਬੀ ਹੁਕਮ ਅਪਾਰ।
ਅਰਸ਼ਾਂ ਤੋਂ ਫਰਸ਼ਾਂ ਤੇ ਆਇਆ, ਇਕ ਜੋਤਿ ਦਸ ਜਾਮੇ ਧਾਰਿ।
ਬਾਬੇ ਬੋਇਆ ਬੀਜ ਸਿੱਖੀ ਦਾ, ਸਭ ਨੂੰ ਸਾਂਝਾ ਦਿੱਤਾ ਵੀਚਾਰ।
ਨਿਰਮਲ ਬਾਣਾ ਪੰਥ ਚਲਾਇਆ, ਸਾਬਤ ਸੂਰਤ ਸਿਰਿ ਦਸਤਾਰ।
ਦਸਮੇਂ ਜਾਮੇ ਕਲਗੀਧਰ ਨੇ, ਸਭ ਨੂੰ ਦਿਤੀ ਇਹੋ ਵੰਗਾਰ।
ਸਿੰਘ ਸਜੋ ਅਕਾਲ ਪੁਰਖ ਦੇ, ਪੀਵਹੁ ਪਾਹੁਲ ਖੰਡੇਧਾਰ।
ਰਹਿਤ ਬਹਿਤ ਵਿੱਚ ਪੱਕੇ ਹੋਵੋ, ਅੰਗ-ਸੰਗ ਰੱਖੋ ਪੰਜ ਕਕਾਰ।
ਰਤਨ ਅਮੋਲੋ ਪੂਰਾ ਤੋਲੋ, ਸੱਚ ਨਾਮ ਬੋਲੋ ਕਰਤਾਰ।
ਜ਼ਾਤ ਪਾਤ ਦਾ ਭਰਮ ਮਿਟਾਵੋ, ਬਿਨਾ ਵਿਤਕਰੇ ਕਰੋ ਪਿਆਰ।
ਸੱਚ ਕਹਿਣ ਤੋਂ ਕਦੇ ਨਾ ਟਲੋ, ਸਾਬਤ ਸੂਰਤ ਸਿਰਿ ਦਸਤਾਰ।
ਰਹਿਤ - ਨਾਮੇ ਵਿੱਚ ਬਚਨ ਗੁਰਾਂ ਦੇ, ਲਿਖੇ ਸੁੰਦਰ ਕਰੋ ਦੀਦਾਰ।
ਨੰਗੇ ਸਿਰ ਨਹੀਂ ਅੰਨ ਜਲ ਛਕਣਾ, ਹੋਵੇ ਘਰ ਭਾਵੇਂ ਦਰਬਾਰ।
ਨੰਗੇ ਸਿਰ ਨਹੀਂ ਜੰਗਲ ਜਾਣਾ, ਯਾਦ ਰਖੋ ਸਿਰ ਤੇ ਦਸਤਾਰ।
ਜੋਗ ਭੋਗ ਦੋਹਾਂ ਸਮਿਆਂ ਤੇ, ਕਦੇ ਨ ਭੁੱਲੋ ਇਹ ਆਚਾਰ।
ਕੇਸ ਗੁਰੂ ਦੀ ਮੋਹਰ ਨੇ ਜਾਣੋ, ਸਿੱਖੋ ਸਦਾ ਕਰੋ ਸਤਿਕਾਰ।
ਸਿਖੀ ਦੀ ਇਹ ਸ਼ਾਨ ਨਿਰਾਲੀ, ਸਾਬਤ ਸੂਰਤ ਸਿਰਿ ਦਸਤਾਰ।
ਕੇਸ - ਗੜ੍ਹ ਕੇਸਾਂ ਦਾ ਘਰ ਹੈ, ਇਥੋ ਹੀ ਹੈ ਦਸਵਾਂ ਦੁਆਰ।
ਇਸ਼ਨਾਨ ਸੋਧ ਕੇ ਅੰਮ੍ਰਿਤ ਵੇਲੇ, ਸ਼ਬਦ ਗੁਰੂ ਦਾ ਕਰੋ ਅਹਾਰ।
ਪੰਜ ਬਾਣੀਆਂ ਪਾਠ ਕਰੋ ਨਿਤ, ਪੰਜ ਚੋਰਾਂ ਨੂੰ ਕੱਢੋ ਮਾਰਿ।
ਜਗ ਜੁਗ ਜੀਵੋ ਖੀਵੋ ਥੀਵੋ, ਅਗੇ ਜਮ ਨਹੀਂ ਕਰੇ ਖੁਆਰ।
ਹੋਂਦਾ ਉਸ ਦਾ ਜਨਮ ਸੁਹੇਲਾ, ਜਿਹੜਾ ਕਰਦਾ ਗੁਰ ਦੀ ਕਾਰ।
ਚਿਹਰਾ ਉਸ ਦਾ ਜਗ - ਮਗ ਕਰਦਾ, ਸਾਬਤ ਸੂਰਤ ਸਿਰਿ ਦਸਤਾਰ।
ਕੰਨ ਛਿਦਾਉਣਾ, ਨੱਕ ਵਿਨ੍ਹਾਉਣਾ, ਗੁਰ ਨੂੰ ਭਾਉਂਦੀ ਨਹੀਂ ਇਹ ਕਾਰ।
ਸਿਨਮੇ ਜਾਣਾ, ਜੂਠਾ ਖਾਣਾ, ਸਭ ਤੋਂ ਵਡੀ ਇਹ ਫਿਟਕਾਰ।
ਰਹਿਤਨਾਮੇ ਵਿਚ ਉਹ ਤਨਖਾਹੀਆ, ਸੂਹਾ ਪਹਿਰ ਲਏ ਨਸਵਾਰ।
ਐਸੀ ਰਹਿਣੀ ਗੁਰੂ ਨਾ ਭਾਵੇ, ਤਾਂ ਤੇ ਸਗਲੇ ਤਜੋ ਵਿਕਾਰ।
ਜੋ ਸਰੂਪ ਗੁਰੂ ਨੇ ਦਿੱਤਾ, ਇਸ ਦੇ ਬਣ ਜਾਉ ਪਹਿਰੇਦਾਰ।
ਸਿੱਖੀ ਸਿਦਕ ਤੇ ਨਿਸਚਾ ਰਖੋ, ਸਾਬਤ ਸੂਰਤ ਸਿਰਿ ਦਸਤਾਰ।
ਸਿੱਖ ਬੱਚੇ ਨੇ ਕੌਮ ਦਾ ਵਿਰਸਾ, ਇਸ ਦੀ ਰਖੋ ਸਦਾ ਸੰਭਾਲ।
ਇਨ੍ਹਾਂ ਨੂੰ ਰੋਕੋ, ਇਨ੍ਹਾਂ ਨੂੰ ਟੋਕੋ, ਨੰਗੇ ਸਿਰ ਜਦ ਫਿਰਨ ਬਜ਼ਾਰ।
ਕੰਘਾ ਛੋੜ ਜੋ ਕੰਘੀ ਫੇਰਨ, ਗੁਰੂ ਤੋਂ ਬੇਮੁਖ ਫੈਸ਼ਨਦਾਰ।
ਪਿਆਰ ਦੀ ਮਾਰ ਨਾਲ ਸਮਝਾਓ, ਸਭ ਤੋਂ ਵੱਡਾ ਗੁਰੂ ਦੁਆਰ।
ਸਤਿਗੁਰ ਦਾ ਉਪਦੇਸ਼ ਕਮਾਓ, ਦਾਸ "ਉਦਾਸ" ਦੀ ਇਹੋ ਵਿਚਾਰ।
ਗੁਰਸਿਖ ਰਹਿਣੀ ਦਾ ਇਹ ਅੰਗ ਹੈ, ਸਾਬਤ ਸੂਰਤ ਸਿਰਿ ਦਸਤਾਰ।

# ਬੰਦੇ ਵਾਹਿਗੁਰੂ ਵਾਹਿਗੁਰੂ ਬੋਲ

(ਤੇਗ ਬਹਾਦਰ ਸਿੰਘ ਤੇਗ)

ਜਨਮ ਅਮੋਲਕ ਮਿਲਿਆ ਤੈਨੂੰ,
ਘਟੋ ਦੇ ਵਿੱਚ ਰੋਲ ਨਾ ਇਹਨੂੰ ।
ਸਚੇ ਸਾਹਿਬ ਦੇ ਚਰਨਾਂ ਵਿਚ,
ਬਿਰਤੀ ਆਪਣੀ ਜੋੜ ।
ਬੰਦੇ ਵਾਹਿਗੁਗਰੂ ਵਾਹਿਗੁਰੂ ਬੋਲ ।
ਅਕਾਲ ਪੁਰਖ ਨੂੰ ਤੂੰ ਧਿਆ ਲੇ,
ਚਰਨੀਂ ਲੱਗ ਤੇ ਮਨ ਸਮਝਾ ਲੇ,
ਭੰਵਰਾਂ ਦੇ ਵਿੱਚ ਫਸ ਕੀ ਲੈਣੇ,
ਰਹਿ ਤੂੰ ਸਦਾ ਅਡੋਲ ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ ।
ਜੇ ਤੈਂ ਉਹਨੂੰ ਨਾ ਧਿਆਇਆ,
ਜਗ ਤੇ ਆਇਆ ਜਿਹਾ ਨ ਆਇਆ ।
ਗੁਰੂ ਸਾਹਿਬ ਨੇ ਫੁਰਮਾਇਆ,
ਇਹ ਹਨ ਸਚੋ ਸੁਚੇ ਬੋਲ ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ ।
ਜੀਵਨ ਹੈ ਇਕ ਕਾਠ ਦੀ ਹਾਂਡੀ,
ਕੋਰਾਂ ਚਾੜ੍ਹ ਕਿਸੇ ਨ ਮਾਂਜੀ ।
ਇਸ ਲਈ ਜੀਵਨ ਸਫਲਾ ਕਰ ਲੈ,
ਜਪ ਲੈ ਨਾਮ ਅਮੋਲ ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ ।
ਜੀਵਨ ਹੈ ਇਕ ਗੋਰਖ-ਧੰਦਾ,
ਜਿਸ ਨੂੰ ਸਮਝ ਨ ਸਕਿਆ ਬੰਦਾ ।
ਉਸ ਰੱਬ ਨੇ ਹੀ ਲੇਖਾ ਹੰਧਾ,
(ਬੰਦੇ) ਤੂੰ ਭੀ ਕਰ ਕੁੱਝ ਘੋਲ ।
ਬੰਦੇ ਵਾਹਿਗੁਰੂ ਵਾਹਿਗੁਰੂ ਬੋਲ ।

---

## ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ

(ਭਾਈ ਗੁਰਦਾਸ ਜੀ)



www.AKJ.Org

# ਦਸਵੰਧ

(ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ)

ਧਰਮ ਦੀ ਕਿਰਤ ਕਰਕੇ ਕਮਾਏ ਧਨ ਪਦਾਰਥ ਅਥਵਾ ਹੱਕ ਹਲਾਲ ਦੀ ਕਮਾਈ ਦਾ ਦਸਵਾਂ ਹਿੱਸਾ (੧੦ ਪਰਸੈਂਟ, ਦਸ ਫੀਸਦੀ ਜਾਂ ੧/੧੦ ਭਾਗ) ਗੁਰੂ ਦੀ ਗੋਲਕ ਅਥਵਾ ਦਸਵੰਧ ਪਾਤਰ ਵਿਚ ਪਾਉਣ ਦਾ ਨਾਉਂ ਦਸਵੰਧ ਹੈ ।

ਗੁਰੂ ਸਾਹਿਬਾਨ ਦੇ ਵੇਲੇ ਆਵਾਜਾਈ ਦੇ ਸਾਧਨ ਬਹੁਤ ਘੱਟ ਸਨ । ਹਵਾਈ ਜਹਾਜ਼, ਰੇਲ ਤੇ ਮੋਟਰ ਗੱਡੀਆਂ ਉਦੋਂ ਨਹੀਂ ਸਨ ਹੁੰਦੀਆਂ । ਵਧੇਰੇ ਕਰਕੇ ਲੋਕੀਂ ਪੈਦਲ ਹੀ ਸਫਰ ਕਰਿਆ ਕਰਦੇ ਸਨ । ਘੋੜੇ, ਖੱਚਰਾਂ, ਹਾਥੀ, ਊਠ, ਟਾਂਗੇ, ਬੈਲ ਗੱਡੀਆਂ, ਊਠ ਗੱਡੀ, ਰੱਥ ਅਤੇ ਪਾਲਕੀਆਂ ਆਦਿ ਹੀ ਸਵਾਰੀ ਦੇ ਸਾਧਨ ਸਨ । ਹਰ ਗੁਰੂ ਕੇ ਸਿੱਖ ਨੂੰ ਆਪਣੀ ਕਿਰਤ ਕਮਾਈ ਵਿਚੋਂ ਧਰਮ ਅਰਥ ਦਸਵੰਧ ਦੇਣਾ ਲਾਜ਼ਮੀ ਸੀ । ਗੁਰੂ ਕੇ ਸਿੱਖ ਜਿਣਸ ਜਾਂ ਪੈਸੇ ਦੇ ਰੂਪ ਵਿਚ ਆਪੋ ਆਪਣਾ ਦਸਵੰਧ ਆਪਣੇ ਇਲਾਕੇ ਦੇ ਮੁਖੀਆਂ ਅਥਵਾ ਮਸੰਦਾਂ ਕੋਲ ਜਮ੍ਹਾਂ ਕਰਵਾ ਦਿੰਦੇ ਸਨ ਅਤੇ ਮੁਖੀਏ ਸਿੱਖ ਸਾਰੀ ਰਸਦ ਤੇ ਪੂੰਜੀ ਇਕੱਠੀ ਕਰਕੇ ਗੁਰੂ ਦਰਬਾਰ ਪਹੁੰਚਾਂ ਦਿੰਦੇ ਸਨ । ਇਸ ਤਰ੍ਹਾਂ ਦਸਵੰਧ ਨਾਲ ਗੁਰੂ ਕੇ ਲੰਗਰ ਚਲਦੇ ਸਨ ਅਤੇ ਪੰਥਕ ਲੋੜਾਂ ਪੂਰੀਆਂ ਹੁੰਦੀਆਂ ਸਨ ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਆਯੂ ਦੇ ਪਿਛਲੇ ਸਾਲਾਂ ਵਿਚ ਕਰਤਾਰਪੁਰ (ਦਰਿਆ ਰਾਵੀ ਨੇੜੇ) ਆ ਟਿਕੇ । ਸਿੱਖ ਸੰਗਤਾਂ ਕਰਤਾਰਪੁਰ ਜਾਣ ਲੱਗ ਪਈਆਂ ਅਤੇ ਆਪਣੀਆਂ ਭੇਟਾਵਾਂ ਉਥੇ ਜਾ ਕੇ ਅਰਪਨ ਕਰਨ ਲੱਗ ਪਈਆਂ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਟਿਕੇ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਪਦਵੀ ਮਿਲਣ ਉਪਰੰਤ ਗੋਇੰਦਵਾਲ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾ ਲਿਆ । ਸ੍ਰੀ ਗੁਰੂ ਰਾਮਦਾਸ ਜੀ ਨੇ " ਗੁਰੂ ਕਾ ਚੱਕ" (ਅੰਮ੍ਰਿਤਸਰ) ਆਣ ਵਸਾਇਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਦਿੱਤੀ । ਸ੍ਰੀ ਅੰਮ੍ਰਿਤਸਰ ਵਿਖੇ ਹੀ ਪੋਥੀ ਸਾਹਿਬ" (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖਵਾਈ ਗਈ ਅਤੇ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਗਿਆ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਦੀ ਉਸਾਰੀ ਕਰਵਾਈ ਅਤੇ ਬਾਅਦ ਵਿਚ ਕੀਰਤਪੁਰ ਸਾਹਿਬ (ਜ਼ਿਲਾ ਰੋਪੜ) ਆ ਟਿਕੇ । ਸ੍ਰੀ ਗੁਰੂ ਹਰਿਰਾਏ ਸਾਹਿਬ ਦਾ ਪ੍ਰਚਾਰ ਕੇਂਦਰ ਕੀਰਤਪੁਰ ਸਾਹਿਬ ਹੀ ਰਿਹਾ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੇ ਅੰਤਲੇ ਸਮੇਂ ਕੀਰਤਪੁਰ ਤੋਂ ਦਿੱਲੀ ਚਲੇ ਗਏ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਬੇ ਬਕਾਲੇ ਤੋਂ ਕੀਰਤਪੁਰ ਸਾਹਿਬ ਆ ਗਏ, ਉਨ੍ਹਾਂ ਨੇ ਮਾਖੋਵਾਲ ਪਿੰਡ ਦੀ ਜ਼ਮੀਨ ਖਰੀਦ ਕੇ ਅਨੰਦਪੁਰ ਵਸਾ ਦਿੱਤਾ । ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੀ ਉਮਰ ਦੇ ਵਧੇਰੇ ਸਾਲ ਅਨੰਦਪੁਰ ਸਾਹਿਬ ਹੀ ਬਿਤਾਏ ਅਤੇ ਬਾਅਦ ਵਿਚ ਉਹ ਦਮਦਮੇ ਸਾਹਿਬ (ਮਾਲਵਾ) ਆ ਟਿਕੇ । ਜਿੱਥੇ ਜਿੱਥੇ ਵੀ ਗੁਰੂ ਸਾਹਿਬਾਨ ਨੇ ਆਪਣੇ ਟਿਕਾਣੇ ਬਣਾਏ ਸਿੱਖ ਸੰਗਤਾਂ ਆਪਣੀਆਂ ਭੇਟਾਵਾਂ ਗੁਰੂ ਚਰਨਾਂ ਵਿਚ ਅਰਪਨ ਕਰਦੀਆਂ ਰਹੀਆਂ, ਮੁਖੀਏ ਸਿੱਖ (ਮਸੰਦ) ਆਪੋ ਆਪਣੇ ਇਲਾਕਿਆਂ ਵਿਚੋਂ ਦਸਵੰਧ ਇਕੱਠਾ ਕਰਕੇ ਗੁਰੂ ਦਰਬਾਰ ਪਹੁੰਚਾਉਂਦੇ ਰਹੇ ।

ਗੁਰੂ ਦੇ ਸਿਦਕੀ ਸਿੱਖਾਂ ਨੇ ਆਪਣੇ ਘਰਾਂ ਵਿਚ ਵੀ ਗੋਲਕਾਂ ਰੱਖਣੀਆਂ ਅਰੰਭ ਕਰ ਦਿੱਤੀਆਂ ਅਤੇ ਦਸਵੰਧ ਦੀ ਰਕਮ ਉਨ੍ਹਾਂ ਵਿਚ ਪਾਉਣ ਲੱਗ ਪਏ । ਜਦੋਂ ਗੋਲਕ ਭਰ ਜਾਂਦੀ ਤਾਂ ਉਹ ਗੋਲਕ ਦੀ ਸਾਰੀ ਰਕਮ ਖੁਦ ਆਪ ਜਾਂ ਮੁਖੀਏ ਸਿੱਖਾਂ ਰਾਹੀਂ ਗੁਰੂ ਦਰਬਾਰ ਪਹੁੰਚਾ ਦਿੰਦੇ ।

ਗੁਰੂ ਦੇ ਸਿੱਖਾਂ ਵਾਸਤੇ ਗੋਲਕ ਰੱਖਣੀ ਅਥਵਾ ਦਸਵੰਧ ਦੇਣਾ ਜ਼ਰੂਰੀ ਸੀ ਅਤੇ ਅੱਜ ਵੀ ਜ਼ਰੂਰੀ ਹੈ । ਇਸ ਸਬੰਧੀ ਗੁਰੂ ਦਾ ਆਦੇਸ਼ ਇਉਂ ਹੈ –



www.AKJ.Org

**ਦਸਨਖ ਕਰ ਜੋ ਕਾਰ ਕਮਾਵੇ, ਤਾਂਕਰ ਜੋ ਧਨ ਘਰ ਮੇ ਆਵੇ ।**

**ਤਿਸ ਤੇ ਗੁਰ ਦਸੌਂਧ ਜੋ ਦੇਈ, ਸਿੰਘ ਸੁਯਸ ਬਹੁ ਜਗ ਮਹਿ ਲੇਈ ।**

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਉਂ ਲਿਖਿਆ ਹੈ - -

**ਗੁਰੂ ਕਾ ਸਿਖ ਧਰਮ ਕਿਰਤ ਕੇ ਨਫੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ ।**

"ਪ੍ਰੇਮ ਸੁਮਾਰਗ" ਪੁਸਤਕ ਵਿਚ ਦਸਵੰਧ ਬਾਰੇ ਇਉਂ ਜਿਕਰ ਆਉਂਦਾ ਹੈ - -

**ਪਰਾਏ ਦਰਬ ਕਾ ਅੰਗੀਕਾਰ ਨਾ ਕਰੈ, ਧਰਮ ਕੀ ਕਿਰਤ ਕਰ ਵੰਡ ਖਾਏ ।**

ਦਾਤਾ ਗੁਰੂ ਬਾਬਾ ਅਕਾਲ ਪੁਰਖ ਹੈ ।

ਆਪਣੇ ਸਿੱਖਾਂ ਵਾਸਤੇ ਗੁਰੂ ਦਾ ਉਪਦੇਸ਼ ਇਉਂ ਹੈ –

**(ੳ) ਨਾਮ ਜਪਣਾ, (ਅ) ਧਰਮ ਦੀ ਕਿਰਤ ਕਰਨੀ ਅਤੇ (ੲ) ਵੰਡ ਛਕਣਾ ।**

ਇਹ ਸਿਖੀ ਜੀਵਨ ਦੇ ਤਿੰਨ ਥੰਮ੍ਹ ਹਨ । ਬੋਝ ਚੁੱਕਣ ਵਾਲੀ ਤਿੰਨ ਟੰਗੀ (Tri Pod) ਦੀਆਂ ਤਿੰਨ ਲੱਤਾਂ ਹੁੰਦੀਆਂ ਹਨ । ਤਿੰਨ ਟੰਗੀ ਦੀ ਜੇ ਇਕ ਲੱਤ ਵੀ ਨੁਕਸਦਾਰ ਹੋਵੇ ਤਾਂ ਚੇਨ-ਕੁੱਪੀ (Chain & Pully block) ਉੱਪਰ ਥੱਲੇ ਭਾਰ ਚੜ੍ਹਾ ਉਤਾਰ ਨਹੀਂ ਸਕੇਗੀ । ਗੁਰੂ ਕੇ ਸਿੱਖ ਵਾਸਤੇ ਧਰਮ-ਕਰਮ ਦੀਆਂ ਤਿੰਨੋਂ ਹੀ ਟੰਗਾਂ ਮਜ਼ਬੂਤ ਹੋਣੀਆਂ ਚਾਹੀਦੀਆਂ ਹਨ ਤਾਂਹੀਓਂ ਹੀ ਇਸ ਦੀ ਹਰ ਮੈਦਾਨ ਫਤਹ ਹੋਵੇਗੀ ਅਤੇ ਬੋਲਬਾਲੇ ਹੋਣਗੇ । ਜੇ ਗੁਰੂ ਕਾ ਸਿੱਖ ਨਾਮ ਨਹੀਂ ਜਪਦਾ ਤਾਂ ਉਸ ਨੂੰ ਗੁਰੂ ਦੇ ਹੇਠਲੇ ਸ਼ਬਦਾਂ ਵਲ ਧਿਆਨ ਦੇਣਾ ਚਾਹੀਦਾ ਹੈ - -

**ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮ ਬਿਨੁ ।। (ਪੰਨਾ-੯੫੬)**

ਜੇ ਗੁਰੂ ਕਾ ਸਿੱਖ ਕਿਰਤ ਕਰਦਾ, ਹੈ ਪਰ ਦਸਵੰਧ ਨਹੀਂ ਦੇਂਦਾ, ਵੰਡ ਨਹੀਂ ਛਕਦਾ ਤਾਂ ਸਮਝੋਂ ਉਸਦੀ ਇਕ ਟੰਗ ਜਾਂਦੀ ਲੱਗੀ ।

ਪਰ ਜੇ ਕੋਈ ਕਿਰਤ ਨਹੀਂ ਕਰਦਾ ਤਾਂ ਵੰਡ ਕੇ ਕੀ ਖਾਏਗਾ, ਦਸਵੰਧ ਕਿਥੋਂ ਦੇਵੇਗਾ ? ਵੇਹਲੜ ਤੇ ਮਖੱਟੂ ਬੰਦੇ ਦੀਆਂ ਤਾਂ ਦੋ ਟੰਗਾਂ ਜਾਂਦੀਆਂ ਲੱਗੀਆਂ । ਉਸ ਦੀ ਝਾਕ ਤਾਂ ਗੋਲਕ ਤੇ ਹੀ ਟਿਕੀ ਰਹੇਗੀ ਕਿ ਕਿਸ ਚਲਾਕੀ ਤੇ ਹੇਰਾ ਫੇਰੀ ਨਾਲ ਗੋਲਕ ਨੂੰ ਆਪਣੇ ਵੱਸ ਕਰਾਂ ਅਤੇ ਦੂਜਿਆਂ ਦੀ ਕਮਾਈ ਨੂੰ ਹੜੱਪ ਕਰਾਂ । ਅਜੇਹਾ ਆਦਮੀ ਤੇ ਨਾਮ ਵੀ ਨਹੀਂ ਜਪ ਸਕੇਗਾ ਭਾਵੇਂ ਲੋਕਾਂ ਨੂੰ ਚਿੱਟੇ ਚੋਗੇ ਪਾ ਕੇ ਜਿੰਨੇ ਮਰਜੀ ਚਲਿੱਤਰ ਕਰਕੇ ਦਿਖਾਉਂਦਾ ਫਿਰੇ । ਅਜੇਹਾ ਪੁਰਸ਼ ਬਗਲਾ ਭਗਤ ਤਾਂ ਬੇਸ਼ਕ ਬਣ ਜਾਵੇ ਪਰ ਸਚਿਆਰ ਸਿੱਖ ਹੋਣ ਦੀ ਪਦਵੀ ਤੇ ਨਹੀਂ ਪੁੱਜ ਸਕਦਾ, ਖੋਟੇ ਦਾ ਖੋਟਾ ਹੀ ਰਹੇਗਾ, ਸ਼ਹੁ ਦੇ ਖਜ਼ਾਨੇ ਨਹੀਂ ਪੈ ਸਕੇਗਾ, ਖੋਟਾ ਬਾਹਰ ਹੀ ਸੁਟਿਆ ਜਾਏਗਾ, ਉਸਨੂੰ ਕਿਧਰੇ ਵਾਂ ਕੋਈ ਥਾਂ ਨਹੀਂ ਮਿਲੇਗੀ ।

ਸਤਿਗੁਰੂ ਜੀ ਨੇ ਇਉਂ ਹੀ ਕਿਹਾ ਹੈ - -

**ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ।। (ਪੰਨਾ-੧੪੩)**

ਹਰ ਗੁਰਸਿੱਖ ਵਾਸਤੇ ਗੁਰੂ ਦਾ ਹੁਕਮ "ਧਰਮ" ਅਥਵਾ ਦਸਾਂ ਨਹੁੰਆਂ ਦੀ ਕਿਰਤ ਕਰਨੀ ਅਤੇ ਆਪਣੀ ਕਿਰਤ ਕਮਾਈ ਦਾ ਘਟੋ ਘੱਟ ਦਸਵਾਂ ਹਿੱਸਾ ਗੁਰੂ ਦੁਆਰ ਅਰਪ ਕਰਨ ਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ –

**ਘਾਲਿ ਖਾਇ ਕਿਛੁ ਹਥਹੁ ਦੇਇ ।। ਨਾਨਕ ਰਾਹੁ ਪਛਾਣਹਿ ਸੇਇ ।। (ਪੰਨਾ-੧੨੪੫)**



www.AKJ.Org

ਸਤਿ ਧਰਮ ਦੇ ਰਾਹ ਅਥਵਾ ਨਿਰਮਲ (ਖਾਲਸਾ) ਪੰਥ ਦੀ ਸਾਰ ਉਸ ਨੂੰ ਹੀ ਪਵੇਗੀ ਜਿਹੜਾ ਧਰਮ ਦੀ ਕਿਰਤ ਕਰਕੇ ਖਾਏਗਾ ਅਤੇ ਆਪਣੀ ਕਿਰਤ ਕਮਾਈ ਵਿਚੋਂ ਗਰੀਬਾਂ ਅਨਾਥਾਂ ਵਿਚ ਵੰਡ ਕੇ ਛਕੇਗਾ । ਵੰਡ ਕੇ ਛਕਣ ਦੀ ਪ੍ਰਥਾ ਨੂੰ ਪਕਿਆਂ ਕਰਨ ਵਾਸਤੇ ਹੀ 'ਦਸਵੰਧ' ਦੀ ਰੀਤ ਚਲਾਈ ਗਈ ਨਜ਼ਰ ਆਉਂਦੀ ਹੈ । ਵੈਸੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਦੀ ਨੀਂਹ ਰੱਖਦਿਆਂ ਹੀ ਹੇਠ ਲਿਖੀ ਵੰਗਾਰ ਪਾਈ ਸੀ –

**ਜਉ ਤਉ ਪ੍ਰੇਮ ਖੇਲਣ ਕਾ ਚਾਉ ।। ਸਿਰੁ ਧਰਿ ਤਲੀ ਗਲੀ ਮੇਰੀ ਆਉ ।।**
**ਇਤੁ ਮਾਰਗਿ ਪੈਰੁ ਧਰੀਜੈ ।। ਸਿਰੁ ਦੀਜੈ ਕਾਣਿ ਨ ਕੀਜੈ ।।** (ਪੰਨਾ–੧੪੧੨)

ਜਦ ਗੁਰੂ ਨੂੰ ਸੀਸ ਭੇਟ ਕਰ ਦਿੱਤਾ ਤਾਂ ਬਾਕੀ ਕੀ ਰਹਿ ਗਿਆ ? ਗੁਰੂ ਅਮਰਦਾਸ ਜੀ ਨੇ ਵੀ ਇਉਂ ਹੀ ਕਿਹਾ ਸੀ - -

**ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ।।** (ਅਨੰਦ ਸਾਹਿਬ)

ਜਦ ਸਿੱਖ ਆਪਣੇ ਗੁਰੂ ਦਾ ਹੁਕਮੀ ਬੰਦਾ ਹੀ ਬਣ ਗਿਆ, ਫੇਰ ਤਾਂ ਬੇ-ਖਰੀਦ ਲਾਲਾ ਗੋਲਾ ਹੋ ਗਿਆ । ਉਸਦਾ ਆਪਣਾ ਤਾਂ ਕੁਝ ਵੀ ਨਾ ਰਿਹਾ । ਤਨ ਵੀ ਗੁਰੂ ਦਾ, ਮਨ ਨੂੰ ਵੀ ਨਕੇਲ ਪੈ ਗਈ ਅਤੇ ਧਨ ਤਾਂ ਹੈ ਹੀ ਦਾਤੇ ਦੀ ਦਾਤ । ਗੁਰੂ ਕੇ ਸਿੱਖ ਦਾ ਆਪਣਾ ਤਾਂ ਕੁਝ ਵੀ ਨਹੀਂ, ਸਭ ਕੁਝ ਗੁਰੂ ਦਾ ਹੀ ਹੈ । ਜਦ ਘਰ (ਸਰੀਰ) ਗੁਰੂ ਕੋਲ ਬੈ ਕਰ ਦਿੱਤਾ ਤਾਂ ਆਪਣਾ ਤਾਂ ਕੁਝ ਵੀ ਨਾ ਰਿਹਾ, ਮੇਰਾ ਘਰ ਦੀ ਥਾਂ "ਤੇਰਾ ਘਰ" ਬਣ ਗਿਆ । ਫਿਰ ਉਸ ਘਰ ਵਿਚ "ਮਾਲਕ" ਦਾ ਵਾਸ ਹੋ ਗਿਆ, ਕੁੱਲੀ ਨੂੰ ਭਾਗ ਲੱਗ ਗਏ, ਹਨੇਰ ਕੋਠੜੀ ਮਾਲਕ ਦੇ ਪ੍ਰਵੇਸ਼ ਕਰਨ ਨਾਲ ਜਗਮਗਾ ਉੱਠੀ, ਦੁਰਗੰਧ ਦੀ ਥਾਂ ਸੁਗੰਧ ਦੀਆਂ ਲਪਟਾਂ ਆਉਣ ਲੱਗ ਪਈਆਂ ।

ਗੁਰੂ ਕੋਲ ਸੀਸ ਵੇਚਣ ਨਾਲ, ਗੰਦ ਦਾ ਭਰਿਆ ਸਰੀਰ ਰੂਪੀ ਭਾਂਡਾ ਸਵਾਰਿਆ ਗਿਆ, ਅੰਮ੍ਰਿਤ ਪੈਣ ਨਾਲ ਪਵਿਤਰ ਹੋ ਗਿਆ, ਖਾਲਸ ਬਣ ਗਿਆ, ਹਾਂ ! ਹਾਂ ! ਖਾਲਸਾ ਬਣ ਗਿਆ, ਆਪਣੇ ਗੁਰੂ ਦਾ ਖਾਸ ਰੂਪ ਹੋ ਗਿਆ ।

ਬਖਸ਼ਿੰਦ ਸਤਿਗੁਰੂ ਨੇ ਐਲਾਨ ਕਰ ਦਿੱਤਾ - -

**ਖਾਲਸਾ ਮੇਰੋ ਰੂਪ ਹੈ ਖਾਸ ।। ਖਾਲਸੇ ਮਹਿ ਹੌਂ ਕਰੌਂ ਨਿਵਾਸ ।।**

ਆਪਣੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਵਾਸਤੇ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਵਾਸਤੇ ਕੁਝ ਕੰਮ ਕਰਨ ਅਤੇ ਕੁਝ ਦੀ ਮਨਾਹੀ ਕਰ ਦਿੱਤੀ ਤੇ ਇਨ੍ਹਾਂ ਨੂੰ ਰਹਿਤਾਂ ਤੇ ਕੁਰਹਿਤਾਂ ਵਿੱਚ ਵੰਡ ਦਿੱਤਾ । ਨਿਕਟ-ਵਰਤੀ ਸਿੰਘਾਂ ਨੇ ਸਤਿਗੁਰੂ ਦੀਆਂ ਹਦਾਇਤਾਂ ਨੂੰ ਨੋਟ ਕਰ ਲਿਆ । ਸਤਿਗੁਰੂ ਦੀਆਂ ਹਦਾਇਤਾਂ "ਰਹਿਤਨਾਮਾ" ਅਤੇ 'ਤਨਖਾਹਨਾਮਾ' ਦੇ ਨਾਵਾਂ ਨਾਲ ਜਾਣੀਆਂ ਜਾਣ ਲੱਗ ਪਈਆਂ । ਦਸਵੰਧ ਦੇਣ ਵਾਸਤੇ ਜਿਥੇ ਹਦਾਇਤ ਕੀਤੀ ਗਈ ਹੈ ਉਥੇ ਦਸਵੰਧ ਨਾ ਦੇਣ ਵਾਸਤੇ ਵੀ ਕਰੜੀ ਤਾੜਨਾ ਹੈ । ਭਾਈ ਨੰਦ ਲਾਲ ਸਿੰਘ ਵਾਲੇ ਤਨਖਾਹਨਾਮੇ ਵਿਚ ਦਸਵੰਧ (ਗੋਲਕ) ਸਬੰਧੀ ਇਹ ਕੁਝ ਲਿਖਿਆ ਹੋਇਆ ਹੈ –

**ੳ) ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ ।**
**ਕਹੈ ਗੋਬਿੰਦ ਸਿੰਘ ਲਾਲ ਜੀ, ਤਿਸ ਕਾ ਕਛੁ ਨਾ ਬਿਸਾਹਿ ।।**

. . .   . . .   . . .

**ਅ) ਗੋਲਕ ਰਾਖੈ ਨਾਹਿ ਜੋ, ਛਲ ਕਾ ਕਰੇ ਵਪਾਰ ।**
**ਕਹੈ ਗੋਬਿੰਦ ਸਿੰਘ ਲਾਲ ਜੀ, ਭੋਗੈ ਨਰਕ ਹਜ਼ਾਰ ।**

ਦਸਵੰਧ ਦੇਣ ਵਾਲੇ ਲਈ ਗੁਰੂ ਦੇ ਬਚਨ ਹਨ—

**" ਸਿੰਘ ਸੁਜਸ ਬਹੁ ਜਗ ਮਹਿ ਲੇਈ"**

ਅਤੇ ਨਾ ਦੇਣ ਵਾਲੇ ਨੂੰ ——



www.AKJ.Org

## "ਤਿਸ ਕਾ ਕਛੁ ਨਾ ਬਿਸਾਹਿ"

ਭਾਵ ਵਿਸ਼ਵਾਸਘਾਤੀ ਅਰ "ਭੋਗੈ ਨਰਕ ਹਜਾਰ" ਕਿਹਾ ਹੈ । ਝੂਠ ਬੋਲ ਕੇ ਦਸਵੰਧ ਹੜੱਪ ਕਰਨ ਵਾਲਾ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ । ਉਹ ਗੁਰੂ ਦੇ ਹੁਕਮ ਤੋਂ ਮੁਨਕਰ ਹੋ ਕੇ ਆਪਣੇ ਮਨ ਦੀ ਮਰਜੀ ਅਨੁਸਾਰ "ਗੁਰੂ ਦੀ ਗੋਲਕ" (ਦਸਵੰਧ) ਨੂੰ ਚੁਰਾਉਂਦਾ ਹੈ । ਉਸ ਦੀ ਬਿਰਤੀ ਮਨਮੁਖਾਂ ਵਾਲੀ ਹੋ ਜਾਂਦੀ ਹੈ । ਅਜੇਹੇ ਬੰਦਿਆਂ ਸਬੰਧੀ ਸਤਿਗੁਰੂ ਜੀ ਫੁਰਮਾਉਂਦੇ ਹਨ - -

**ਮਨਮੁਖਿ ਆਵੈ, ਮਨਮੁਖਿ ਜਾਵੈ ।। ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ।।**
**ਜਿਤਨੇ ਨਰਕ ਸੇ ਮਨਮੁਖਿ ਭੋਗੈ, ਗੁਰਮੁਖਿ ਲੇਪੁ ਨ ਮਾਸਾ ਹੇ ।। (ਪੰਨਾ-੧੦੭੩)**

ਸੰਸਾਰ ਵਿਚ ਜਿੰਨੇ ਲੜਾਈ ਝਗੜੇ, ਦੁੱਖ ਤਕਲੀਫਾਂ ਹਨ ਉਹ ਮਨ ਮਗਰ ਲੱਗ ਕੇ ਹੀ ਪੈਦਾ ਹੁੰਦੀਆਂ ਹਨ । ਜਦੋਂ ਅਸੀਂ ਗੁਰੂ ਦੀ ਮੱਤ (ਗੁਰਮਤਿ) ਨੂੰ ਤਿਆਗ ਕੇ ਆਪਣੇ ਮਨ ਦੀ ਮੱਤ (ਮਨਮਤਿ) ਮਗਰ ਤੁਰ ਪੈਂਦੇ ਹਾਂ ਤਾਂ ਅਸੀਂ "ਮੈਂ ਮੈਂ" ਕਰਨ ਲੱਗ ਪੈਂਦੇ ਹਾਂ, ਸਾਨੂੰ "ਹਉਮੈ" ਦਾ ਰੋਗ ਚੰਬੜ ਜਾਂਦਾ ਹੈ ਅਤੇ ਗੁਰੂ ਤੋਂ ਦੂਰ ਹੋ ਜਾਂਦੇ ਹਾਂ । ਗੁਰੂ ਤੋਂ ਬੇਮੁਖ ਹੋਇਆਂ ਨੂੰ ਸੰਸਾਰ ਵਿਚ ਠੇਡੇ ਹੀ ਪੈਂਦੇ ਹਨ । ਸਤਿਗੁਰੂ ਜੀ ਕਹਿੰਦੇ ਹਨ —

**ਸਤਿਗੁਰ ਤੇ ਜੋ ਮੁਹੁ ਫੇਰੇ, ਓਇ ਭ੍ਰਮਦੇ ਨਾ ਟਿਕੰਨਿ ।।**

**ਧਰਤਿ ਅਸਮਾਨੁ ਨ ਝਲਈ, ਵਿਚਿ ਵਿਸਟਾ ਪਏ ਪਚੰਨਿ ।। (ਪੰਨਾ-੨੩੩)**

ਦਸਵੰਧ ਨਾ ਦੇਣ ਵਾਲਿਆਂ ਵਾਸਤੇ "ਬਚਿਤ੍ਰ ਨਾਟਕ" (ਦਸਮ ਗ੍ਰੰਥ) ਵਿਚ ਇਉਂ ਲਿਖਿਆ ਹੋਇਆ ਹੈ —

**ਜੋ ਬਾਬੇ ਕੋ ਦਾਮ ਨ ਦੈ ਹੈਂ, ਤਿਨ ਤੇ ਗਹਿ ਬਾਬਰ ਕੇ ਲੈ ਹੈਂ ।**

**ਦੈ ਦੈ ਤਿਨ ਕੋ ਬਡੀ ਸਜਾਇ, ਪੁਨਿ ਲੈ ਹੈਂ ਗ੍ਰਹਿ ਲੂਟ ਬਨਾਇ ।**

ਗੁਰੂ ਸਾਹਿਬਾਨ ਦੇ ਵੇਲੇ ਹਿੰਦੋਸਤਾਨ ਤੇ ਮੁਗਲਾਂ ਦਾ ਰਾਜ ਸੀ । ਮੁਗਲਾਂ ਦਾ ਮੋਢੀ ਬਾਦਸ਼ਾਹ ਬਾਬਰ ਸੀ ਅਤੇ ਸਿੱਖਾਂ ਦਾ ਸ਼ਹਿਨਸ਼ਾਹ ਬਾਬਾ ਨਾਨਕ । ਮੁਗਲ ਬਾਦਸ਼ਾਹ ਸਿੱਖਾਂ ਨਾਲ ਵੈਰ ਵਿਹਾਂਝਣ ਲਗ ਪਏ । ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ ਤੇ ਬਿਠਾਇਆ ਗਿਆ ਅਤੇ ਸੀਸ ਵਿਚ ਗਰਮ ਰੇਤਾ ਪਾਇਆ ਗਿਆ, ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਜ਼ੁਲਮ ਦੇ ਖਿਲਾਫ ਸ਼ਸ਼ਤਰ ਚੁੱਕ ਲਏ ਅਤੇ ਜ਼ਾਲਮਾਂ ਦਾ ਟਾਕਰਾ ਕਰਨ ਲਗ ਪਏ । ਨੌਵੇਂ ਸਤਿਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਅਤੇ ਦਸਵੇਂ ਪਾਤਸ਼ਾਹ ਦੀ ਤਾਂ ਸਾਰੀ ਉਮਰ ਹੀ ਮੁਗਲ ਹਕੂਮਤ ਨਾਲ ਲੋਹਾ ਲੈਂਦਿਆਂ ਹੀ ਗੁਜ਼ਰੀ । ਮੁਗਲ ਅਹਿਲਕਾਰ ਗਰੀਬ ਜਨਤਾ ਨੂੰ ਜਦ ਜੀ ਚਾਹੁਣ ਮਰੁੰਡ ਲੈਂਦੇ ਸਨ । ਉਹ ਹਰ ਥਾਂ ਧੱਕਾ ਕਰਦੇ ਸਨ । ਗੁਰੂ ਕੇ ਸਿੰਘ ਹੀ ਉਨ੍ਹਾਂ ਨਾਲ ਟੱਕਰ ਲੈਂਦੇ ਸਨ । ਅਜੇਹੀ ਲੁੱਟ ਖਸੁੱਟ ਸਮੇਂ ਸਿੱਖਾਂ ਵਿਚ ਇਹ ਧਾਰਨਾ ਬਣ ਗਈ ਸੀ ਕਿ ਜਿਹੜੇ ਸਿੱਖ " ਬਾਬੇ ਦੇ ਦਾਮ" (ਦਸਵੰਧ) ਨਹੀਂ ਦੇਣਗੇ ਉਨ੍ਹਾਂ ਦਾ ਧਨ ਦੌਲਤ ਮੁਗਲ ਜਰਵਾਣੇ (ਬਾਬਰ ਕੇ) ਲੁੱਟ ਖੋਹ ਕੇ ਲੈ ਜਾਣਗੇ । ਇਸ ਹੀ ਤੁਕ ਦਾ ਹਵਾਲਾ ਉਪਰ ਦਿੱਤਾ ਗਿਆ ਹੈ ।

ਗੁਰੂ ਦੇ ਸਚਿਆਰ ਸਿੱਖਾਂ ਦਾ ਵੀ ਜੀਵਨ ਤਜਰਬਾ ਇਉਂ ਹੀ ਪ੍ਰਗਟ ਕਰਦਾ ਹੈ ਕਿ ਜਿਹੜੇ ਸਿੱਖ ਦਸਵੰਧ ਨਹੀਂ ਦਿੰਦੇ ਉਨ੍ਹਾਂ ਦਾ ਪੈਸਾ ਝਗੜੇ, ਦਾਵਿਆਂ (ਮੁੱਕਦਮਿਆਂ) ਅਤੇ ਬੀਮਾਰੀਆਂ ਤੇ ਹੀ ਖਰਚ ਹੁੰਦਾ ਹੈ । ਗੁਰੂ ਤੋਂ ਬੇਮੁੱਖ ਹੋ ਕੇ ਉਹ ਥਾਣਿਆਂ, ਕਚਹਿਰੀਆਂ ਅਤੇ ਹਸਪਤਾਲਾਂ ਵਿਚ ਹੀ ਧੱਕੇ ਖਾਂਦੇ ਹਨ । ਆਪਣੀ ਕਮਾਈ ਦਾ ਦਸਵਾਂ ਹਿੱਸਾ ਤਾਂ ਉਹ ਧਰਮ ਅਰਥ ਨਹੀਂ ਦਿੰਦੇ ਪਰ ਦਸ ਗੁਣਾਂ ਦੰਡ ਜ਼ਰੂਰ ਭਰਦੇ ਹਨ । ਇਸ ਤੋਂ ਉਲਟ ਜਿਹੜੇ ਗੁਰਮੁਖ ਪਿਆਰੇ ਦਸਵੰਧ ਦੀ ਕੌਡੀ ਵੀ ਆਪਣੇ ਕੋਲ ਨਹੀਂ ਰੱਖਦੇ ਉਨ੍ਹਾਂ ਨੂੰ ਕੋਈ ਆਧੀ, ਬਿਆਧੀ, ਉਪਾਧੀ ਤੰਗ ਨਹੀਂ ਕਰਦੀ, ਸਤਿਗੁਰੂ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ, ਉਨ੍ਹਾਂ ਨੂੰ ਕਿਸੇ ਗੱਲ ਦਾ ਤੋਟਾ ਨਹੀਂ ਆਉਂਦਾ ਅਤੇ ਉਹ ਅਨੰਦ ਮਈ ਜੀਵਨ ਬਤੀਤ ਕਰਦੇ ਹਨ ।



www.AKJ.Org

# ਸੁਪਨਾ

(ਜਿਹੜਾ ਚਰਨ ਕੌਰ ਨੂੰ ਚਲਾਣੇ ਤੋਂ ਪਹਿਲਾਂ ਆਇਆ ਸੀ )

(ਭਾਈ ਕ੍ਰਿਪਾਲ ਸਿੰਘ ਜੀ ਖਾਲਸਾ)

ਚਰਨ ਕੌਰ ਨੇ ਦੱਸਿਆ ਕਿ ਅੰਮ੍ਰਿਤ ਵੇਲੇ ਸੁਕੇਸ਼ ਇਸ਼ਨਾਨ ਕਰ ਕੇ ਨਿੱਤਨੇਮ ਕਰਦੀ ਕਰਦੀ ਸਚਖੰਡ ਨੂੰ ਚਲ ਪਈ। ਬੜੀ ਚੌੜੀ ਸੜਕ ਹੈ ਪਰ ਕੱਚੀ। ਚਲਦੇ ਚਲਦੇ ਸੂਰਜ ਛਿਪਣ ਲੱਗਾ। ਰਹਿਰਾਸ ਦੇ ਪਾਠ ਦਾ ਵਕਤ ਹੋ ਗਿਆ ਤਾਂ ਸੋਚਦੀ ਹੀ ਸੀ ਕਿ ਪਾਠ ਕਿੱਥੇ ਬੈਠ ਕੇ ਕੀਤਾ ਜਾਵੇ। ਸੜਕ ਤੋਂ ਇੱਕ ਪਾਸੇ ਬਗੀਚੀ ਜਿਹੀ ਨਜ਼ਰ ਪਈ। ਬਾੜ ਦੀ ਖਿੜਕੀ ਲੰਘ ਕੇ ਅੱਗੇ ਦੇਖਿਆ ਤਾਂ ਇੱਕ ਬਿਰਧ ਸਿੰਘ ਖੂਹੀ ਦੇ ਕੋਲ ਮੰਜੀ ਪਰ ਬੈਠਦਿਆਂ ਬੈਠਦਿਆਂ "ਸੋਦਰੁ" ਦਾ ਪਾਠ ਕਰਨ ਲੱਗ ਪਏ। ਮੈਂ ਕੋਲ ਜਾ ਬੈਠੀ ਤੇ ਮੂੰਹ ਵਿੱਚ ਹੀ ਫਤਹ ਗਜਾ ਕੇ ਰਹਿਰਾਸ ਦਾ ਪਾਠ ਸ੍ਰਵਣ ਕਰਨ ਲਗੀ। ਬਾਬਾ ਜੀ ਪਾਠ ਬੜੀ ਉੱਚੀ ਸੁਰ ਨਾਲ ਕਰ ਰਹੇ ਸਨ। ਬੜਾ ਅਨੰਦ ਆ ਰਿਹਾ ਸੀ। ਜਦੋਂ ਉਨ੍ਹਾਂ 'ਸੋ ਪੁਰਖੁ" ਦਾ ਆਰੰਭ ਕੀਤਾ, ਇੰਝ ਪ੍ਰਤੀਤ ਹੁੰਦਾ ਸੀ ਕਿ ਬਾਬਾ ਜੀ ਸਾਖਿਆਤ ਅਕਾਲ ਪੁਰਖ ਅਗੇ ਕਹਿ ਰਹੇ ਸਨ -

**" ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ, ਤੇਰੇ ਕਿਆ ਗੁਣ ਆਖਿ ਵਖਾਣਾ।**
**ਜੋ ਸੇਵਹਿ ਜੋ ਸੇਵਹਿ ਤੁਧੁ ਜੀ, ਜਨੁ ਨਾਨਕੁ ਤਿਨ ਕੁਰਬਾਣਾ।"**

ਬੜੇ ਅਨੰਦ ਵਿੱਚ ਸੁਣਦੀ ਰਹੀ । ਜਦੋਂ ਬਾਬਾ ਜੀ ਨੇ ਗੱਜ ਕੇ ਕਿਹਾ-

**" ਹਮਰੀ ਕਰੋ ਹਾਥ ਦੈ ਰੱਛਾ। ਪੂਰਨ ਹੋਇ ਚਿਤ ਕੀ ਇੱਛਾ।**
**ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰੋ ਪ੍ਰਿਤਪਾਰਾ।"**

ਤਾਂ ਮੇਰੇ ਕਪਾਟ ਖੁਲ੍ਹਦੇ ਜਾਣ। ਬਾਬਾ ਜੀ ਦਾ ਇੰਨਾਂ ਸ਼ੁਧ ਤੇ ਸੁਰੀਲੀ ਆਵਾਜ ਵਿੱਚ ਪਾਠ ਸੁਣਦੇ ਪੰਛੀ ਵੀ ਅਨੰਦ ਵਿਸਮਾਦ ਹੋਏ ਚੁੱਪ ਬੈਠੇ ਸਨ। ਪਾਠ ਤੋਂ ਬਾਅਦ ਬਾਬਾ ਜੀ ਨੇ ਅਰਦਾਸ ਕਰਦੇ ਹੋਏ ਇਹ ਬੇਨਤੀ ਕੀਤੀ-

ਹੇ ਸੱਚੇ ਪਾਤਿਸ਼ਾਹ ਜੀ! ਆਪ ਦੇ ਮਾਰਗ ਦੇ ਪਾਂਧੀ ਜਿਨ੍ਹਾਂ ਨੇ ਸੱਚਖੰਡ ਨੂੰ ਕਮਰ-ਕੱਸੇ ਕੀਤੇ ਹਨ, ਅੰਗ ਸੰਗ ਹੋ ਕੇ ਸਹਾਇਤਾ ਕਰਨੀ, ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣਾ।

ਬਾਬਾ ਜੀ ਨੇ ਮੱਥਾ ਟੇਕ ਕੇ ਫਤਹ ਗਜਾਈ, ਘਾਹ ਦੀ ਕੁੱਲੀ ਵਿੱਚ ਗਏ, ਨਿੱਕੇ ਜਿਹੇ ਬਾਟੇ ਵਿਚ ਕੜਾਹ ਪ੍ਰਸ਼ਾਦ ਲਿਆ ਕੇ ਮੇਰੇ ਅਗੇ ਰੱਖ ਕੇ ਕਿਹਾ, " ਛਕੋ ਬੇਟੀ !" ਇਹ ਕਹਿ ਕੇ ਉਹ ਜਲ ਦਾ ਬਾਟਾ ਲੈ ਆਏ। ਮੈਂ ਪ੍ਰਸ਼ਾਦ ਛਕ ਕੇ ਬਾਟੇ ਮਾਂਜਣ ਲੱਗ ਪਈ। ਏਨੇ ਨੂੰ ਸਰਬ ਲੋਹੀ ਗੜਵੇ ਵਿੱਚ ਜਲ ਲਿਆ ਕੇ ਬਾਬਾ ਜੀ ਨੇ ਮੇਰੇ ਹੱਥ ਸੁਚੇਤ ਕਰਵਾਏ। ਉਨ੍ਹਾਂ ਸਫ ਵਿਛਾ ਦਿੱਤੀ ਅਤੇ ਮੈਂ ਸਫ਼ ਤੇ ਬੈਠ ਗਈ। ਬਾਬਾ ਜੀ ਜ਼ਬਾਨੀ ਸ਼ਬਦ ਪੜ੍ਹਨ ਲੱਗ ਪਏ। ਮੈਂ ਸੁਣਦੀ ਰਹੀ। ਬਾਅਦ ਵਿੱਚ ਬਾਬਾ ਜੀ ਕਹਿਣ ਲਗੇ ਬਿਰਾਜ ਜਾਓ ਬੇਟੀ! ਮੈਂ ਸੋਹਿਲੇ ਦਾ ਪਾਠ ਕਰਕੇ ਸੌਂ ਗਈ। ਸਵੇਰੇ ਉਠੀ ਸੌਚ ਇਸ਼ਨਾਨ ਕਰਕੇ ਨਿੱਤਨੇਮ ਦਾ ਪਾਠ ਕੀਤਾ, ਸਰਬ ਲੋਹੀ ਮਾਲਾ ਹੱਥ ਵਿੱਚ ਲੈ ਬਾਬਾ ਜੀ ਤੋਂ ਆਗਿਆ ਲੈ ਕੇ ਸਿਮਰਨ ਕਰਦੀ ਚੱਲ ਪਈ। ਸਾਰਾ ਦਿਨ ਤੁਰਦੀ ਗਈ। ਸ਼ਾਮ ਨੂੰ ਮੈਂ ਜਿਥੇ ਪੁਜੀ ਓਥੋਂ ਦੋ ਰਸਤੇ ਫਟਦੇ ਸਨ ਤੇ ਰਾਹੀ ਵੀ ਬਹੁਤ ਹੋ ਗਏ ਸਨ, ਇੰਨੇ ਕਿ ਮੈਂ ਉਨ੍ਹਾਂ ਨੂੰ ਦੇਖ ਕੇ ਹੈਰਾਨ ਹੁੰਦੀ ਸਾਂ। ਦੋਰਾਹੇ ਤੇ ਖਲੋ ਕੇ ਸੋਚਣ ਲੱਗੀ ਕਿ ਮੇਰਾ ਕਿਹੜਾ ਰਸਤਾ ਹੈ ? ਉਥੋਂ ਬਹੁਤੇ ਲੋਕੀ ਖੱਬੇ ਪਾਸੇ ਵਾਲੇ ਰਸਤੇ ਨੂੰ ਜਾਂਦੇ ਸਨ, ਸੱਜੇ ਪਾਸੇ ਵਲ ਜਾਂਦਾ ਰਾਹੀ ਕੋਈ ਟਾਂਵਾ ਟਾਂਵਾ ਹੀ ਨਜ਼ਰ ਆਇਆ। ਮੈਂ ਬਹੁਤ ਸੋਚਿਆ, ਆਖੀਰ ਇਹ ਸ਼ਬਦ ਯਾਦ ਆਇਆ-

**" ਉਲਟੀ ਰੇ ਮਨ ਉਲਟੀ ਰੇ। ਸਾਕਤ ਸਿਉ ਕਰਿ ਉਲਟੀ ਰੇ ।" ( ਪੰਨਾ-੫੩੫)**

ਅਤੇ ਇਹ ਫਰਮਾਨ ਫੁਰਿਆ ਕਿ ਜਿਧਰ ਨੂੰ ਬਹੁਤੇ ਰਾਹੀ ਜਾਂਦੇ ਹਨ ਉਹ ਸਾਕਤਾਂ ਦਾ ਰਸਤਾ ਹੈ। ਇਹ ਸੋਚ ਕੇ ਮੈਂ ਸੱਜੇ ਰਸਤੇ ਚਾਲੇ ਪਾ ਦਿਤੇ ਚਾਲੇ ਪਾਏ ਹੀ ਸਨ ਕਿ ਆਵਾਜ਼ਾਂ ਆਉਣ ਲੱਗ ਪਈਆਂ, " ਠਹਿਰ ਜਾਓ! ਇੱਧਰ ਮੱਤ ਜਾਓ!" ਮੈਂ ਸੱਜੇ ਖੱਬੇ ਦੇਖਿਆ, ਬਹੁਤ ਵੱਡੇ ਵੱਡੇ ਦਰਖੱਤ ਸਨ। ਦਰਖੱਤਾਂ ਦੇ ਉਪਰੋਂ ਵੱਡੀਆਂ ਕੱਦਵਾਰ ਔਰਤਾਂ ਉਤਰ ਕੇ ਮੇਰੇ ਵਲ ਆ ਰਹੀਆਂ ਸਨ। ਪਹਿਲਾਂ ਤਾਂ ਮੈਂ ਡਰੀ ਪਰ ਜਦੋਂ ਉਹ ਮੇਰੇ ਬਿਲਕੁਲ ਨੇੜੇ



www.AKJ.Org

ਆ ਗਈਆਂ ਤਾਂ "ਮੁੜ ਪਿੱਛੇ ਮੁੜ ਪਿੱਛੇ" ਦਾ ਸਾਰੀਆਂ ਨੇ ਰੌਲਾ ਪਾਇਆ ਤਾਂ ਮੈਂ ਕਿਹਾ," ਇੱਕ ਜਣੀ ਗੱਲ ਕਰੋ।" ਸਾਰੀਆਂ ਜੁੱਤੀਆਂ ਲਾਹ ਕੇ ਮੇਰੇ ਉਪਰ ਨੂੰ ਆਉਣ ਲਗੀਆਂ। ਮੈਨੂੰ ਵੀ ਖਾਲਸਈ ਜੋਸ਼ ਆ ਗਿਆ, ਮੈਂ ਸਿਰੀ ਸਾਹਿਬ ਨੂੰ ਹੱਥ ਪਾ ਕੇ " ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਗਜਾਉਂਦਿਆਂ ਕਿਹਾ " ਖਬਰਦਾਰ ! ਜੇ ਅੱਗੇ ਕਦਮ ਚੁੱਕਿਆ। ਸੂਰੀਓ ! ਮੈਂ ਗੁਰੂ ਗੋਬਿੰਦ ਸਿੰਘ ਦੀ ਸ਼ੇਰ ਬੱਚੀ ਹਾਂ ਰਸਤਾ ਛੱਡ ਦਿਓ ਨਹੀਂ ਤਾਂ ਮੈਂ ਸੋਧ ਦਿਆਂਗੀ।" ਇਹ ਕਹਿਣ ਦੀ ਦੇਰ ਸੀ ਕਿ ਸਭ ਪਿੱਛੇ ਹਟ ਗਈਆਂ। ਰਸਤਾ ਸਾਫ਼ ਹੋ ਗਿਆ ਤੇ ਮੈਂ ਅਗਾਂਹ ਚੱਲ ਪਈ।

ਤੁਰੀ ਜਾਂਦੀ ਨੂੰ ਹਨ੍ਹੇਰਾ ਪੈ ਗਿਆ। ਰਹਿਰਾਸ ਦਾ ਪਾਠ ਤੁਰੇ ਜਾਂਦਿਆਂ ਹੀ ਕੀਤਾ। ਚੰਦ ਚੜ੍ਹ ਪਿਆ ਸੀ। ਜਿਥੇ ਬਾਹਲੀ ਨੀਂਦ ਆਈ ਦਰਖੱਤ ਦੇ ਥੱਲੇ ਆਸਣ ਵਿਛਾਕੇ ਤੇ ਸੋਹਿਲੇ ਦਾ ਪਾਠ ਕਰ ਕੇ ਸੌਂ ਗਈ। ਅੰਮ੍ਰਿਤ ਵੇਲੇ ਉੱਠੀ, ਰਸਤਾ ਪਹਾੜੀ ਸੀ। ਪਾਣੀ ਦੀ ਕੂਲ੍ਹ ਵਗਦੀ ਦੇਖ ਕੇ ਸੌਚ ਇਸ਼ਨਾਨ ਕਰ ਕੇ ਗੁਰਬਾਣੀ ਨਿਤਨੇਮ ਦਾ ਪਾਠ ਕਰਦੀ ਚੱਲ ਪਈ। ਪਹੁ ਫੁਟਾਲੇ ਨੂੰ ਇੱਕ ਪਹਾੜੀ ਦੇ ਕੋਲ ਪਹੁੰਚ ਗਈ। ਦੂਰ ਨਜ਼ਰ ਮਾਰੀ। ਇੱਕ ਦਸਤਾਰ ਵਾਲੀ ਬੀਬੀ ਅਨੰਦ ਮਗਨ ਜਾ ਰਹੀ ਸੀ। ਜ਼ਰਾ ਕੁ ਹੋਰ ਅੱਗੇ ਦੇਖਿਆ ਤਾਂ ਇੱਕ ਸਿੰਘ ਸਾਹਿਬ ਜਾ ਰਹੇ ਸਨ। ਦੋਨਾਂ ਦੇ ਸਿਰੀ ਸਾਹਿਬ ਗਾਤਰੇ ਤੇ ਸਫਾਜੰਗ ਮੋਢੇ ਤੇ ਦੇਖ ਕੇ ਚਿੱਤ ਬਹੁਤ ਖੁਸ਼ ਹੋਇਆ ਕਿ ਖਾਲਸੇ ਦੇ ਦੀਦਾਰ ਹੋਏ ਹਨ, ਭਾਵੇਂ ਦੂਰੋਂ ਹੀ ਸਹੀ। ਬਹੁਤ ਕੋਸ਼ਿਸ਼ ਕਰਨ ਤੇ ਵੀ ਮੈਂ ਉਨ੍ਹਾਂ ਨਾਲ ਰਲ ਨਾ ਸਕੀ। ਵਿੰਗੇ ਟੇਢੇ ਰਸਤੇ ਪਹਾੜੀ ਦੀ ਚੜ੍ਹਾਈ ਚੜ੍ਹਦਿਆਂ ਇੱਕ ਬਹੁਤ ਖੁਬਸੂਰਤ ਮੰਦਰ ਨਜ਼ਰੀਂ ਪਿਆ ਅਤੇ ਕੀਰਤਨ ਦੀ ਅਵਾਜ ਕੰਨੀ ਪਈ-

**ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ। ਅਤਿ ਸੁੰਦਰ ਮਨਮੋਹਨ ਪਿਆਰੇ, ਸਭਹੂ ਮਧਿ ਨਿਰਾਰੇ ।।੧।। ਰਹਾਉ ।।**

( ਪੰਨਾ-੫੩੪)

ਥੋਹੜੀ ਦੇਰ ਮਗਰੋਂ-

**"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।"**

ਤੁਕ ਸੁਣੀ। ਸਮਝ ਆ ਗਈ ਕਿ " ਆਸਾ ਕੀ ਵਾਰ " ਦਾ ਕੀਰਤਨ ਹੋ ਰਿਹਾ ਹੈ। ਪਹਾੜੀ ਦੇ ਉਪਰ ਜਾ ਕੇ ਕੀ ਦੇਖਿਆ ਕਿ ਦੀਵਾਨ ਸਜਿਆ ਹੋਇਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹਨ, ਦਰਮਿਆਨ ਵਿੱਚ ਰਸਤਾ ਛੱਡ ਕੇ ਇਕ ਪਾਸੇ ਸਿੰਘ ਤੇ ਦੂਜੇ ਪਾਸੇ ਬੀਬੀਆਂ ਬੈਠੀਆਂ ਕੀਰਤਨ ਦਾ ਅਨੰਦ ਲੈ ਰਹੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਇੱਕ ਬੜੇ ਜਲਾਲ ਵਾਲੇ ਦੀਦਾਰੀ ਖਾਲਸਾ ਜੀ ਚੌਰ ਕਰ ਰਹੇ ਹਨ, ਉਨ੍ਹਾਂ ਦੇ ਚਿਹਰੇ ਤੇ ਰੱਬੀ ਨੂਰ ਦੁੱਧ ਰੰਗੀ ਚਿੱਟੀ ਰੌਸ਼ਨੀ ਹੈ। ਮੈਂ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬੜੀ ਸ਼ਰਧਾ ਨਾਲ ਮੱਥਾ ਟੇਕਿਆ ਅਤੇ ਹੌਲੀ ਜਿਹੀ ਫਤਹ ਗਜਾ ਕੇ ਬੀਬੀਆਂ ਵਿੱਚ ਜਾ ਬੈਠੀ। ਉਸ ਵੇਲੇ" **ਲਾਲ ਰੰਗੀਲੇ ਪ੍ਰੀਤਮ ਮਨਮੋਹਨ, ਤੇਰੇ ਦਰਸਨ ਕਉ ਹਮ ਬਾਰੇ**" ਵਾਲੇ ਸ਼ਬਦ ਦਾ ਕੀਰਤਨ ਹੋ ਰਿਹਾ ਸੀ। ਕਦੇ ਕਦੇ " ਵਾਹੁ ਵਾਹੁ " ਦੀ ਆਵਾਜ ਵੀ ਬੜੇ ਵੈਰਾਗ ਵਿੱਚ ਆਉਂਦੀ ਸੀ।। " ਸਾਧ ਸੰਗਤਿ ਬੈਕੁੰਠੈ ਆਹਿ" ਦਾ ਵਰਤਾਰਾ ਵਰਤ ਰਿਹਾ ਸੀ ਆਸਾ ਕੀ ਵਾਰ ਦਾ ਭੋਗ ਪਿਆ। ਮਹਾਰਾਜ ਦੀ ਤਾਬੇ ਬੈਠੇ ਚੌਰ ਕਰਦੇ ਰੱਬੀ ਜਲਾਲ ਵਾਲੇ ਗੁਰਮੁਖ ਜਨ ਦੇ ਮੂੰਹ ਤੋਂ ਇਹ ਸ਼ਬਦ ਨਿਕਲੇ- **" ਸੁ ਕਰੇ ਜਿ ਤਿਸੈ ਰਜਾਇ।"**

ਕੀਰਤਨੀ ਸਿੰਘਾਂ ਨੇ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ ਪੌੜੀਆਂ ਤੇ ਅਖੀਰਲੀ ਪਉੜੀ (ਅਨਦੁ ਸੁਣਹੁ ਵਡਭਾਗੀਹੋ) ਪੜ੍ਹ ਕੇ ਕੀਰਤਨ ਬੰਦ ਕਰ ਦਿੱਤਾ ਅਤੇ ਸਾਰੀ ਸੰਗਤ ਅਰਦਾਸ ਲਈ ਖਲੋ ਗਈ। ਅਰਦਾਸ ਤੋਂ ਬਾਅਦ ਸੰਗਤ ਵਿੱਚ ਮਹਾਂ ਪ੍ਰਸ਼ਾਦਿ (ਕੜਾਹ ਪ੍ਰਸ਼ਾਦਿ) ਵਰਤਾਇਆ ਗਿਆ ਤੇ ਮੈਨੂੰ ਹਜ਼ੂਰੀ ਵਿੱਚ ਪੇਸ਼ ਹੋਣ ਦਾ ਹੁਕਮ ਹੋਇਆ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਮੱਥਾ ਟੇਕ ਅਤੇ ਫਤਹ ਗਜਾਉਂਦੀ ਖਲੋ ਗਈ। ਚੌਰ ਕਰਨ ਵਾਲੇ ਤੇਜ ਪ੍ਰਤਾਪੀ ਸਿੰਘ ਸਾਹਿਬ ਜੀ ਨੇ ਮੈਨੂੰ ਇਉਂ ਕਿਹਾ, " ਬੀਬੀ ਚਰਨ ਕੌਰ ਜੀ ! ਆਪ ਦੀ ਘਾਲ ਥਾਇੰ ਪਈ ਹੈ, ਤੇਰੇ ਪਰ ਗੁਰੂ ਕੀਆਂ ਖੁਸ਼ੀਆਂ ਹਨ ਪਰ ਸੱਚ- ਖੰਡ ਹਾਜਰ ਹੋਣ ਵਿੱਚ ਹਾਲੇ ਤੇਰੇ ਦੋ ਦਿਨ ਬਾਕੀ ਹਨ, ਤੁਸੀਂ ਉਸੇ ਹੀ ਹਾਲਤ ਵਿਚ ਦੁੱਖ ਵਿੱਚ ਸੁੱਖ ਮਨਾਉਂਦੇ ਹੋਏ ਨਾਮ ਜਪੋ, ਫਿਰ ਸਦਾ ਲਈ ਤੁਹਾਡਾ ਸੱਚ-ਖੰਡ ਨਿਵਾਸ ਹੋਵੇਗਾ।

**ਮੈਂ ਹੁਕਮ ਮੰਨ, ਮੱਥਾ ਟੇਕ, ਫਤਹ ਹੀ ਗਜਾਈ ਸੀ ਕਿ ਆਪ ਮੈਨੂੰ ਜਗਾ ਰਹੇ ਸੀ।**



www.AKJ.Org

# ਗੁਰਮੁਖ ਹੰਸਲੇ ਤੇ ਮਨਮੁਖ ਬਗਲੇ

( ਪ੍ਰਿੰਸੀਪਲ ਸੱਜਣ ਸਿੰਘ ਜੀ, ੬੧੮/੬, ਗੋਬਿੰਦ ਪੁਰੀ, ਨਵੀਂ ਦਿਲੀ ੧੯)

ਸਤਿਗੁਰੂ ਦੀ ਬਾਣੀ ਸਾਧਾਰਨ ਮਨੁੱਖੀ ਕ੍ਰਿਤ ਨਹੀਂ, ਖਸਮ ਦੀ ਬਾਣੀ ਹੈ । ਨਿਰਸੰਦੇਹ ਅਧਿਕ ਤਰ ਆਨਮਤੀ ਧਾਰਮਕ ਗ੍ਰੰਥਾਂ ਨੂੰ ਅਕਾਲੀ ਰਚਨਾ ਕਹਿਣਾ ਤਾਂ ਦੂਰ ਦੀ ਗਲੱ ਹੈ, ਇਹ ਤਾਂ ਧਾਰਮਕ ਆਗੂਆਂ ਦੁਆਰਾ ਭੀ ਨਾ ਲਿਖੇ ਗਏ, ਨਾ ਲਿਖਵਾਏ ਗਏ, ਸਤਿਗੁਰੂ ਦੀ ਬਾਣੀ, ਬਾਣੀਆਂ ਸਿਰ ਬਾਣੀ, ਆਪਣੇ ਸਰੂਪ, ਗਿਆਨ, ਉਪਦੇਸ਼ ਏਕਤਾ, ਮਾਨਵਤਾ ਤੇ ਸਾਰ-ਤੱਤ ਦੇ ਦ੍ਰਿਸ਼ਟੀ ਕੋਣ ਤੋਂ ਸਿਰਮੌਰ ਅਸਥਾਨ ਰੱਖਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਭ ਤੋਂ ਵੱਡਾ ਨਿਆਰਾਪਨ ਸ਼ਬਦ-ਗੁਰੂ ਦੇ ਰੂਪ ਵਿਚ ਸੁਭਾਇਮਾਨ ਹੋਕੇ ਨਾਮਹੁ ਘੁਥੀ ਲੋਕਾਈ ਨੂੰ ਸੱਚ ਦਾ ਮਾਰਗ ਦਿਖਾਉਣਾ ਹੈ।

ਸ਼ਬਦ ਗੁਰੂ, ਸਰਗੁਣ ਸਰੂਪ ਗੁਰੂ ਸਾਹਿਬਾਨ ਤੇ ਨਿਰਗੁਣ ਪਰਮਾਤਮਾ ਇਕੋ ਅਕਾਲੀ ਸੱਤਾ ਦੇ ਭਿੰਨ ਭਿੰਨ ਰੂਪ ਹਨ, ਜਿਵੇਂ ਜਲ, ਬਰਫ ਤੇ ਭਾਪ, ਵੱਖ ਵੱਖ ਦਿਸਦਿਆਂ ਵੀ ਇਕ ਮਿਕ ਹਨ. ਪੂਰਨ ਗੁਰੂ ਦੀ ਵਿਸ਼ੇਸ਼ਤਾ, ਗੁਰਮੰਤਰ ਦੇਣ, ਦ੍ਰਿੜਾਉਣ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ ਮੰਤਰ ਨਾਮ ਦੇ ਪੁੰਜ, ਨਾਮ ਦੇ ਦਾਤਾ ਤੇ ਨਾਮ ਦੇ ਸਾਗਰ ਹਨ। ਹੇਠ ਲਿਖੇ ਗੁਰਵਾਕ ਇਸ ਤੱਤ ਦੀ ਪ੍ਰੋੜ੍ਹਤਾ ਕਰਦੇ ਹਨ।

**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।।੧।। ਰਹਾਉ।।੪।।**

(ਬਿਲਾਵਲੁ ਮ: ੩ ਪੰਨਾ-੭੯੭)

**ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ।।**
**ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ।।੪।।੮।।** (ਆਸਾ ਛੰਤ ਮ: ੪, ਪੰਨਾ-੪੪੨)

ਸੱਚਾ ਸਤਿਗੁਰੂ ਸਰੋਵਰਾਂ ਦਾ ਸਰੋਵਰ ਮਾਨਸਰੋਵਰ ਹੈ। ਇਸ ਦਾ ਨਿਰਮਲ ਜਲ ਅੰਮ੍ਰਿਤ ਨਾਮ ਦਾ ਲਖਾਇਕ ਹੈ।ਇਹ ਰੱਬੀ ਸੋਮਾ ਹੈ ਜਿਸ ਦਾ ਦੁਰਲੱਭ ਪਦਾਰਥ ਹੀਰੇ ਮੋਤੀਆਂ ਤੋਂ ਵਡਮੁੱਲਾ, ਅਮੁੱਕ ਮਾਤਰਾ ਵਿੱਚ ਅਗਨਤ ਜਗਿਆਸੂਆਂ ਦੀ ਪਿਆਸ ਬੁਝਾਉਣ ਦੀ ਸਮਰੱਥਾ ਰੱਖਦਾ ਹੈ।

ਮਾਨਸਰੋਵਰ ਦੀ ਵਿਸ਼ੇਸ਼ਤਾ ਵੀ ਹੈ ਤੇ ਪਛਾਣ ਵੀ ਕਿ ਇਸ ਪਾਵਨ ਅਸਥਾਨ ਤੇ ਇਸ਼ਨਾਨ ਕਰਨ ਤੇ ਨਾਮਰੂਪੀ ਮੋਤੀਆਂ ਦਾ ਸੇਵਨ ਕਰਨ ਦਾ ਸੁਭਾਗ ਕੇਵਲ ਹੰਸ-ਜਨਾਂ ਨੂੰ ਪ੍ਰਾਪਤ ਹੈ, ਹੋਰ ਕਿਸੇ ਨੂੰ ਨਹੀਂ। ਇਨ੍ਹਾਂ ਦਾ ਮਿਲਾਪ ਅਕਾਲ ਪੁਰਖ ਦੀ ਨਿਜੀ ਇੱਛਾ ਅਨੁਸਾਰ ਹੋਇਆ ਹੈ ਤੇ ਸਥਾਈ ਤੌਰ ਤੇ ਕਾਇਮ ਰਹੇਗਾ , ਕਿਉਂਕਿ ਇਥੇ ਕੇਵਲ ਹੰਸਾਂ ਦੀ ਖੁਰਾਕ ਦਾ ਪ੍ਰਬੰਧ ਹੈ। ਹਜ਼ੂਰ ਦਾ ਫੁਰਮਾਨ ਹੈ —

**ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ।। ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾਂ ਕਾ ਖਾਣਾ।।**
**ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ।।**
**ਓਨਾ ਰਿਜਕੁ ਨ ਪਇਓ ਓਥੈ ਓਨਾ ਹੋਰੋ ਖਾਣਾ।।**
**ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ।।**
**ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਵਾਣਾ।।੨।।੨੧।।**

ਜੇ ਸੱਚਾ ਸਤਿਗੁਰੂ ਮਾਨਸਰੋਵਰ ਹੈ ਤਾਂ ਪੂਰਨ ਗੁਰਸਿਖ ਗੁਰਮੁਖ ਜਨ ਹੰਸ ਹੈ। ਹੰਸ ਤੇ ਸਰਵਰ ਦਾ ਸੰਬੰਧ ਸਨੇਹ ਭਰਿਆ ਗੁਰਮੁਖ ਆਦਰਸ਼ਕ ਹੈ ਤੇ ਗੁਰਸਿੱਖ ਤੇ ਗੁਰੂ ਦਾ ਰਿਸ਼ਤਾ ਵੀ ਅਲੌਕਿਕ ਤੇ ਪ੍ਰੇਮਾ ਭਗਤੀ ਦਾ ਚਿਤਰ ਹੈ। ਪਾਵਨ ਹੁਕਮ ਹੈ:-

**ਗੁਰੁ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ।।**
**ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ।।੨।।** (ਸੂਹੀ ਮ: ੩, ਪੰਨਾ ੭੫੬-੫੭)



www.AKJ.Org

ਹੰਸ ਤੇ ਗੁਰਮੁਖ ਜਨ ਦਾ ਸੁਭਾਉ ਇਕ ਜੈਸਾ ਹੈ। ਜਿਵੇਂ ਹੰਸ ਨੂੰ ਜਲ ਤੇ ਦੁੱਧ ਵੱਖ ਵੱਖ ਕਰਨ ਦਾ ਗਿਆਨ ਹੈ ਤਿਵੇਂ ਗੁਰਮੁਖ ਜਨ ਵਿਵੇਕ ਬੁੱਧੀ ਦੀ ਬਖਸ਼ਸ਼ ਦੁਆਰਾ, ਯੋਗ-ਅਯੋਗ, ਸੱਤ-ਅਸੱਤ, ਚੰਗਾ-ਮਾੜਾ, ਪੁੰਨ ਪਾਪ ਦਾ ਨਿਤਾਰਾ ਸਹਜੇ ਕਰ ਲੈਂਦਾ ਹੈ। ਜੇ ਕਿਸੇ ਹੋਰ ਜੀਵ ਜੰਤੂ ਲਈ ਦੁੱਧ ਤੋਂ ਪਾਣੀ ਵੱਖ ਕਰਨਾ ਔਖਾ ਹੈ ਤਾਂ ਮਨਮੁਖ ਲਈ ਵੀ ਦੇਹੀ ਵਿਚੋਂ ਹੰਕਾਰ ਤੇ ਸਾੜਾ ਕੱਢਣਾ ਔਖਾ ਹੈ। ਇਸ ਪ੍ਰਤੀ ਗੁਰਵਾਕ ਹੈ:-

**ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ।। ੨।।੫।।**

(ਮਲਾਰ ਮ: ੪, ਪੰਨਾ ੧੨੬੪)

ਸਤਿਗੁਰੂ ਨਾਨਕ ਦੇਵ ਜੀ ਗੁਰੂ ਨੂੰ ਸਰਵਰ ਤੇ ਆਪਣੇ ਆਪ ਨੂੰ ਹੰਸ ਅਖਵਾਉਣ ਵਿੱਚ ਫਖਰ ਮਹਿਸੂਸ ਕਰਦੇ ਹਨ। ਹਰੀ ਦਾ ਜਸ ਗਾਉਣਾ ਮੋਤੀ ਮਾਣਕ ਹੀਰੇ ਸਮਾਨ ਹੈ। ਗੁਰਦੇਵ ਜੀ ਫੁਰਮਾਉਂਦੇ ਹਨ—

**ਗੁਰੁ ਸਰਵਰੁ ਹਮ ਹੰਸ ਪਿਆਰੇ ।। ਸਾਗਰ ਮਹਿ ਰਤਨ ਲਾਲ ਬਹੁ ਸਾਰੇ ।।**

**ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ।। ੨।।** (ਮਾਰੂ ਮ: ੧, ਪੰਨਾ ੧੦੨੭)

ਨਕਲ ਕਰਨੀ ਮਾੜੀ ਨਹੀਂ, ਜੇ ਸਤਿਗੁਰੂ ਦੇ ਉਪਦੇਸ਼ ਅਨੁਸਾਰ ਗੁਰਮੁਖਿ ਬਣ ਕੇ ਕਰੇ। ਮਨਮੁਖ ਹਮੇਸ਼ਾ ਆਪਣੀ ਇਛਾ ਅਨੁਸਾਰ ਰੀਸ ਕਰਦਾ ਹੈ ਤੇ ਸਭ ਹੱਦਾਂ ਬੰਨੇ ਪਾਰ ਕਰਦਾ ਹੈ। ਉਹ ਨਿਜੀ ਸੁਆਰਥ ਲਈ ਦਿਖਾਵੇ ਲਈ, ਧੰਨ ਦੌਲਤ ਤੇ ਝੂਠੇ ਮਾਣ ਸਤਿਕਾਰ ਲਈ ਆਪਣੇ ਆਪ ਨੂੰ ਗੁਰੂ ਅਖਵਾਉਣ ਤੋਂ ਵੀ ਨਹੀਂ ਹਿਚਕਚਾਉਂਦਾ। ਇਹ ਹਕੀਕਤ ਹੈ ਕਿ ਕਈ ਚਾਲਾਕ ਬੰਦਿਆ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੈਵੀ ਬਣਤਰ ਦੀ ਰੀਸ ਕਰਕੇ ਆਪਣੇ ਗ੍ਰੰਥ ਬਣਾ ਲਏ, ਸਤਿਗੁਰੂ ਦੀ ਪਰਿਭਾਸ਼ਾ ਦੀ ਓਟ ਲੈ ਕੇ ਆਪਣੇ ਸੁਆਰਥ ਲਈ ਗੁਰੂ ਅਖਵਾਉਣ ਲੱਗ ਪਏ । ਸਚੇ ਹੱਟ ਦੀਆਂ ਰੀਸਾਂ ਕਰਦੀਆਂ ਕਈ ਝੂਠੀਆਂ ਦੁਕਾਨਾਂ ਹੁਣ ਵੀ ਦੇਖਣ ਵਿੱਚ ਆਉਂਦੀਆਂ ਹਨ। ਨਕਲੀ ਗੁਰੂਆਂ ਨੂੰ ਨਕਲੀ ਚੇਲੇ ਬਥੇਰੇ ਮਿਲ ਜਾਂਦੇ ਹਨ, ਅਜਿਹਾ ਸਭ ਕੁਛ ਸੰਭਵ ਹੈ, ਜਿਵੇਂ ਕਿ ਲੋਕ ਰਾਜ ਵਿਚ ਸਿਰਾਂ ਦੀ ਗਿਣਤੀ ਹੈ, ਬਹੁ ਗਿਣਤੀ ਦਾ ਬੋਲ ਬਾਲਾ ਹੈ, ਬੇਸ਼ਕ ਅਨਿਆਇ ਤੇ ਜ਼ੁਲਮ ਤੇ ਆਧਾਰਤ ਹੋਵੇ। ਅਸੀਂ ਆਪਣੀਆਂ ਅੱਖੀਆਂ ਨਾਲ ਤੱਕਦੇ ਹਾਂ ਕਿ ਇੱਕ ਪਾਸੇ ਫੁੱਲਾ ਦੀ ਵਾਸ਼ਨਾ ਲਈ ਭੌਰੇ ਇਕੱਤਰ ਹੁੰਦੇ ਹਨ, ਦੂਜੇ ਪਾਸੇ ਗੰਦਗੀ ਦੀਆਂ ਢੇਰੀਆਂ ਉਤੇ ਮੱਖੀਆਂ ਦਾ ਸਮੂਹ ਉੱਤਰਦਾ ਹੈ।

ਜਿਹੜੇ ਨਕਲੀ ਗੁਰੂ ਸਤਿਗੁਰੂ ਜੀ ਦੇ ਸ਼ਬਦ ਗੁਰੂ ਦੇ ਸਿਧਾਂਤ ਤੋਂ ਮੁਨਕਰ ਹੋ ਕੇ ਆਪਣੀ ਢਾਈ ਇੱਟ ਦੀ ਮਸਜਿਦ ਬਣਾਉਣ ਵਿੱਚ ਸਫਲ ਹੁੰਦੇ ਹਨ ਉਨ੍ਹਾਂ ਦੀ ਝੂਠੀ ਵਡਿਆਈ ਦਾ ਆਧਾਰ ਨਾਮ ਸ਼ਬਦ ਨਹੀਂ, ਕਰਾਮਾਤ ਜਾਂ ਰਿਧ-ਸਿਧ ਚੇਟਕ ਹੈ। ਜਿਹੜੀ ਪਰੰਪਰਾ ਸ਼ਬਦ ਗੁਰੂ ਤੇ ਨਿਰਗੁਣ ਪਰਮਾਤਮਾ ਵਿੱਚ ਵਿਸ਼ਵਾਸ਼ ਰੱਖਦੀ ਹੈ, ਉਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜ਼ਿਆਦਾ ਮੱਤ-ਭੇਦ ਨਹੀਂ ਹੁੰਦਾ। ਗੁਰੂ ਡੰਮ ਦਾ ਸਾਰਾ ਸਿਲਸਿਲਾ ਦੇਹ ਧਾਰੀ ਗੁਰੂਆਂ ਦੀ ਪੂਜਾ ਕਰਨ ਤੋਂ ਚਲਦਾ ਹੈ। ਅਜਿਹਾ ਗੁਰੂ-ਡੰਮ ਦਾ ਅੱਡਾ, ਸਰਵਰ ਨਹੀਂ, ਇਕ ਛੱਪੜ ਹੈ। ਛੱਪੜ ਦਾ ਜਲ ਨਿਰਮਲ ਨਹੀਂ ਹੁੰਦਾ ਕਿਉਂਕਿ ਇਸ ਵਿੱਚ ਨਿਰਮਲ ਅੰਮ੍ਰਿਤ ਜਲ ਦੀ ਧਾਰਾ ਨਹੀਂ ਪੈਂਦੀ। ਫਿਰ ਖੜੋਤਾ ਪਾਣੀ ਜੇ ਸਾਫ ਭੀ ਹੋਵੇ ਤਾਂ ਦਿਨਾਂ ਵਿਚ ਹੀ ਗੰਧਲਾ ਹੋ ਜਾਂਦਾ ਹੈ। ਐਸੇ ਜਲ ਨੇ ਕਿਸੇ ਹਿਰਦੇ ਦੀ ਮੈਲ ਕੀ ਧੋਣੀ ਹੈ।ਹੰਸਾਂ ਦੀ ਰੀਸ ਕਰਨ ਵਾਲਿਆਂ ਨੇ ਆਪਣਾ ਬਾਹਰੀ ਰੰਗ ਤਾਂ ਚਿੱਟਾ ਬਣਾ ਲਿਆ ਪਰ ਗੁਣਾਂ ਦੀ ਰੀਸ ਕਰਨ ਤੋਂ ਅਸਮਰੱਥ ਰਹੇ ਸੂਰਤ ਦੀ ਕਦਰ ਕਰਨ ਵਾਲਿਆਂ ਨੂੰ ਅੱਜ ਵੀ ਬਗਲਿਆਂ ਦੇ ਵਰਗ ਵਿੱਚ ਤੱਕਿਆ ਜਾ ਸਕਦਾ ਹੈ, ਜਦ ਕਿ ਸੀਰਤ ਦੀ ਦਾਦ ਦੇਣ ਵਾਲੇ ਤੇ ਗੁਣਾਂ ਦੀ ਪਰਖ ਕਰਨ ਵਾਲੇ ਇਨ੍ਹਾਂ ਦੇ ਚੁੰਗਲ ਤੋਂ ਬਚੇ ਰਹਿੰਦੇ ਹਨ।

ਪਹਿਲਾਂ ਤਾਂ ਹੰਸ ਇਨ੍ਹਾਂ ਛਪੜੀਆਂ ਤੇ ਜਾਂਦੇ ਹੀ ਨਹੀਂ, ਪਰ ਜੇ ਕਿਸੇ ਕਾਰਨ ਜਾਣਾ ਪੈ ਜਾਵੈ ਤਾਂ ਉਥੇ ਨਹਾਉਣ ਤੇ ਖਾਣ ਤੋਂ ਪਰਹੇਜ ਕਰਦੇ ਹਨ । ਉਸ ਕੁਸੰਗਤ ਵਿੱਚ ਉਨ੍ਹਾਂ ਦਾ ਮਨ ਖਿੜਦਾ ਨਹੀਂ, ਇਸ ਕਰਕੇ ਉਨ੍ਹਾਂ ਦੀ ਪ੍ਰਬਲ ਇੱਛਾ ਉਥੋਂ ਨੱਸਣ ਦੀ ਹੁੰਦੀ ਹੈ-



www.AKJ.Org

ਕਲਰ ਕੇਰੀ ਛਪੜੀ ਆਇ ਉਲਥੇ ਹੰਝ।। ਚਿੰਜੂ ਬੋੜਨਿ ਨ ਪੀਵਹਿ ਉਡਣ ਸੰਦੀ ਡੰਝ।।੬੪।।
ਹੰਸ ਉਡਰਿ ਕੋਧਰੈ ਪਇਆ ਲੋਕੁ ਵਿਡਾਰਣਿ ਜਾਇ।। ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ।। ੬੫।। (ਸਲੋਕ ਫਰੀਦ ਜੀ ਪੰਨਾ-੧੩੮੧)

ਹੰਸ ਤੇ ਬਗਲੇ ਦੀਆਂ ਪਰਵਿਰਤੀਆਂ ਤੇ ਆਦਤਾਂ ਦਾ ਜਾਣੂ ਹੋਣਾ ਇਸ ਲਈ ਭੀ ਜ਼ਰੂਰੀ ਹੈ ਕਿ ਐਸਾ ਨਾ ਹੋਵੇ ਅਸੀਂ ਬਗਲੇ ਦੀਆਂ ਚਾਪਲੂਸੀਆਂ ਵਿੱਚ ਫੱਸ ਕੇ ਓਨ੍ਹਾਂ ਜੋਗੇ ਹੋ ਜਾਈਏ। ਇਹ ਅਤਿ ਦਰਜੇ ਦਾ ਪਖੰਡੀ, ਕਪਟੀ ਤੇ ਧੋਖੇਬਾਜ ਹੈ, ਪਰ ਦੇਖਣ ਵਿੱਚ ਸੁੰਦਰ, ਸਫੈਦ, ਉਜਲ, ਘੱਟ ਬੋਲਣ ਵਾਲਾ, ਸਿੱਧਾ ਸਾਦਾ, ਭੋਲਾ ਭਾਲਾ ਹੈ । ਇਹ ਆਪਣੇ ਆਪ ਨੂੰ ਪੂਰਨ ਦਰਸਾਉਣ ਵਿੱਚ ਕੋਈ ਕਸਰ ਨਹੀਂ ਛੱਡਦਾ ਤੇ ਕਈ ਵਾਰ ਐਸਾ ਪ੍ਰਭਾਵ ਪਾਉਂਦਾ ਹੈ ਜਿਵੇਂ ਕਿ ਉਹ ਵਾਸਤਵ ਵਿੱਚ ਅੱਖਾਂ ਮੀਟ ਕੇ ਭਗਤੀ ਕਰਨ ਵਾਲਾ ਪੂਰਨ ਸੰਤ ਹੁੰਦਾ ਹੈ।

**ਪਹਿਰਾਵਾ:** ਦੋਨਾਂ ਦਾ ਰੰਗ ਜਾਂ ਪਹਿਰਾਵਾ, ਨਿਰੋਲ ਚਿੱਟਾ ਤੇ ਸਾਫ ਹੈ। ਹੰਸ ਅੰਦਰਹੁ ਬਾਹਰਹੁ ਨਿਰਮਲ ਤੇ ਭਰੋਸੇ ਯੋਗ ਹੈ, ਜਦ ਕਿ ਬਗਲੇ ਵਿਚ ਦਿਖਾਵਾ ਹੈ, ਗੁਣ ਨਹੀਂ। ਸਤਿਗੁਰੂ ਨਾਨਕ ਦੇਵ ਜੀ ਨੇ ਜਿਸ ਸੱਜਣ ਠੱਗ ਦਾ ਨਿਸਤਾਰਾ ਕੀਤਾ, ਉਹ ਹਕੀਕਤ ਵਿਚ ਬਗਲੇ ਦਾ ਰੂਪ ਸੀ। ਉਸ ਦਾ ਨਾਉ ਸੱਜਣ ਅਰਥਾਤ ਸ੍ਰੇਸ਼ਠ ਜਨ,ਉੱਤਮ ਪੁਰਖ, ਭਲਾ ਲੋਕ ਜਾਂ ਪਰਉਪਕਾਰੀ ਜੀਵ ਸੀ ਜਦ ਕਿ ਕਰਤੂਤ ਨਿਰਦਇਤਾ ਨਾਲ ਭਰੀ ਹੋਈ ਸੀ। ਗੁਰਦੇਵ ਜੀ ਦਾ ਹੇਠ ਲਿਖਿਆ ਫੁਰਮਾਨ ਹੂਬਹੂ ਸੱਜਣ ਠੱਗ ਦੀ ਕਰਣੀ ਦਾ ਨਕਸ਼ਾ ਹੈ-

ਉਜਲੁ ਕੈਹਾ ਚਿਲਕਣਾਘੋਟਿਮ ਕਾਲੜੀ ਮਸੁ।। ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।। ੧।।
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।। ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।।੧।। ਰਹਾਉ।।
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।। ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ।। ੨।।
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।। ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ।।੩।।
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ।। ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨ।।੪।।
ਅੰਧੁਲੈ ਭਾਰ ਉਠਾਇਆ, ਡੂਗਰ ਵਾਟ ਬਹੁਤੁ।। ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ।।੫।।
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।। ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।। ੬।। ੧।।੩।।
(ਸੂਹੀ ਮ: ੧ ਘਰੁ ੬, ਪਨੰਾ-੭੨੯)

## ਖੁਰਾਕ

ਜਿਵੇਂ ਕਿ ਸੰਤ ਜਨਾਂ ਦਾ ਭੋਜਨ ਗਿਆਨ ਹੈ, ਸ਼ੁੱਧ ਤੇ ਸਾਤਵਕ ਹੈ, ਹੰਸਾਂ ਦੀ ਖੁਰਾਕ ਮੋਤੀ ਹੈ-

ਊਜਲ ਮੋਤੀ ਚੂਗਹਿ ਹੰਸ।। ਸਰਬ ਕਲਾ ਜਗਦੀਸੈ ਅੰਸ।। ੧।।੧੨। (ਆਸਾ ਮਹਲਾ ੧-੩੫੨)

ਜਦ ਕਿ ਬਗਲਾ ਤੀਰਥ ਅਸਥਾਨ ਤੇ ਨਿਵਾਸ ਰੱਖਦਿਆਂ ਵੀ ਡੱਡਾਂ ਭੱਖਣ ਵਾਲਾ ਬੇਰਹਿਮ ਹਤਿਆਰਾ ਮਾਸਾਹਾਰੀ ਹੈ। ਬਗਲੇਂ ਵਾਂਗਰ ਘੁਟਿ ਘੁਟਿ ਜੀਅ ਖਾਣ ਵਾਲੇ ਨੂੰ ਨਿਰਮਲ ਨਹੀਂ ਆਖਿਆ ਜਾ ਸਕਦਾ। ਸਤਿਗੁਰੂ ਦਾ ਫੁਰਮਾਨ ਹੈ ਕਿ ਜੇ ਕੋਈ ਬਗਲਾ ਹੰਸਾਂ ਦੀ ਸੰਗਤ ਵਿੱਚ ਹੰਸ ਬਣਕੇ ਦਿਖਾਲਣ ਦਾ ਜਤਨ ਕਰੇ ਤਾਂ ਇਸ ਦਾ ਪਾਜ ਬਹੁਤ ਛੇਤੀ ਉਘੜ ਜਾਵੇਗਾ-

ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ।।
ਜਾ ਹੰਸ ਸਭਾ ਵੀਚਾਰ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ।।
ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ।।
ਉਡਰਿਆ ਵੇਚਾਰਾ ਬਗੁਲਾ ਮਤੁ ਹੋਵੈ ਮੰਞੁ ਲਖਾਵੈ।। ੧।੭।।

(ਸਲੋਕ ਮ: ੫, ਰਾਮਕਲੀ ਕੀ ਵਾਰ-੯੬੦)



www.AKJ.Org

## ਪਾਰਖੂ–ਰੀਸ

ਹੰਸ ਪਾਰਖੂ ਹੈ, ਉਸ ਵਿੱਚ ਚੰਗਿਆਈ-ਬੁਰਿਆਈ ਦਾ ਨਿਰਣਾ ਕਰਨ ਦੀ ਯੋਗਤਾ ਹੈ। ਉਹ ਭੱਖ-ਅਭੱਖ ਪਦਾਰਥ ਨੂੰ ਸਮਝਦਾ ਹੈ-

**ਹਰਿ ਕੀ ਕਥਾ ਅਨਾਹਦ ਬਾਨੀ।। ਹੰਸੁ ਹੁਇ ਹੀਰਾ ਲੇਇ ਪਛਾਨੀ।।੧।। ਰਹਾਉ।।੩੧।।**

(ਆਸਾ ਕਬੀਰ ਜੀ-੪੮੩)

ਬਗਲਾ ਪਾਰਖੂ ਨਹੀਂ, ਰੀਸ ਕਰਦਾ ਹੈ। ਬਿਨਾਂ ਸੋਚੇ ਸਮਝੇ ਰੀਸ ਕਰਦਾ ਹੈ, ਗੁਣਹੀਨ ਤਾਂ ਹੈ ਹੀ। ਫਿਰ ਇਸ ਦਾ ਫਲ ਕੋਈ ਪ੍ਰਾਪਤੀ ਨਹੀਂ, ਆਪਣੀ ਗਿਰਾਵਟ ਦਾ ਪ੍ਰਗਟਾਵਾ ਹੈ ——

**ਹੰਸਾ ਦੇਖਿ ਤਰੰਦਿਆਂ ਬਗਾ ਆਇਆ ਚਾਉ।। ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ।।੧੨੨।।**

( ਸਲੋਕ ਫਰੀਦ ਜੀ ੧੩੮੪)

## ਕਲੋਲ

ਦੋਨੋ ਜਲ ਵਿਚ ਮੌਜਾਂ ਮਾਣਦੇ, ਕਲੋਲ ਕਰਦੇ ਹਨ। ਹੰਸ ਵੇਪਰਵਾਹ ਤੇ ਬਗਲਾ ਲਾਪਰਵਾਹ ਹੈ। ਇਕ ਦੀ ਬਿਰਤੀ ਅੰਦਰ-ਮੁਖੀ ਹੈ, ਦੂਸਰੇ ਦੀ ਬਾਹਰ ਮੁਖੀ। ਹੰਸ ਜਨ ਪ੍ਰਭੂ ਦੀ ਯਾਦ ਵਿਚ, ਭੈ ਵਿੱਚ, ਖੇੜੇ ਵਿਚ ਰਹਿੰਦੇ ਤੇ ਜਮ ਦੇ ਡਰ ਤੋਂ ਮੁਕਤ ਹਨ। ਇਸ ਪ੍ਰਤੀ ਹੁਕਮ ਹੈ———

**ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ।।**
**ਕਲਜੁਗ ਦੁਰਤ ਦੂਰਿ ਕਰਿਬੇ ਕਉ ਦਰਸਨੁ ਗੁਰੂ ਸਗਲਸੁਖ ਸਾਗਰੁ।।੪।।**

(ਸਵਈਏ ਮਹਲੇ ਚਉਥੇ ਕੇ ੧੪੦੪)

ਇਸ ਦੇ ਵਿਪਰੀਤ ਮਨਮੁਖ ਬਗਲਾ ਪ੍ਰਭੂ ਨੂੰ ਵਿਸਾਰ ਕੇ ਅਚਿੰਤ ਹੀ ਬਾਜ ਰੂਪੀ ਜਮਾਂ ਦਾ ਸ਼ਿਕਾਰ ਬਣਦਾ ਹੈ——

**ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ।। ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।। ੯੯।।**

ਫਰੀਦ ਜੀ- ੧੩੮੩

## ਇਸ਼ਨਾਨ

ਇਸ਼ਨਾਨ ਦੀ ਜਿੰਨੀ ਮਹਤੱਤਾ ਤੇ ਇਸ ਤੇ ਅਮਲ, ਗੁਰੂ ਘਰ ਵਿੱਚ ਹੈ, ਹੋਰ ਕਿਤੇ ਦਿਖਾਈ ਨਹੀਂ ਦਿੰਦਾ। ਇਹ ਸਤਿਗੁਰੂ ਦੇ ਉਪਦੇਸ਼ ਤੇ ਰਹਿਮਤ ਸਦਕੇ ਹੈ, ਨਹੀਂ ਤਾਂ ਕੌਣ ਸੁਬਹ ਸਵੇਰੇ ਨੀਂਦਰ ਦਾ ਤਿਆਗ ਕਰੇ? ਹਜ਼ੂਰ ਨੇ ਇਸ ਗੁਰਵਾਕ ਰਾਹੀਂ ਹੰਸਾਂ ਤੇ ਬਗਲਿਆਂ ਦੇ ਨਹਾਉਣ ਦੀ ਕਿਰਿਆ ਨੂੰ ਰੂਪਮਾਨ ਕੀਤਾ ਹੈ——

**ਗੁਰੁ ਸਾਗਰੁ ਰਤਨੀ ਭਰਪੂਰੇ।। ਅੰਮ੍ਰਿਤ ਸੰਤ ਚੁਗਹਿ ਨਹੀਂ ਦੂਰੇ।।**
**ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ।। ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ।।੧।।**
**ਕਿਆ ਬਗੁ ਬਪੁੜਾ ਛਪੜੀ ਨਾਇ।। ਕੀਚੜਿ ਡੂਬੈ ਮੈਲ ਨ ਜਾਇ।।੧।। ਰਹਾਉ।।**

(ਧਨਾਸਰੀ ਮ: ੧ ਣਸ: ਪੰਨਾ ੬੮੫)

ਦੋਨਾਂ ਵਰਗਾਂ ਦੇ ਇਸਨਾਨ ਦਾ ਤੁਲਨਾਤਮਕ ਵਰਨਣ ਇਕ ਹੋਰ ਗੁਰਵਾਕ ਵਿੱਚ ਬਹੁਤ ਸੁੰਦਰ ਸ਼ਬਦਾਂ ਵਿੱਚ ਮਿਲਦਾ ਹੈ-

**ਹਰਿ ਸਰੁ ਸਾਗਰੁ ਨਿਰਮਲੁ ਸੋਈ।। ਸੰਤ ਚੁਗਹਿ ਨਿਤ ਗੁਰਮੁਖਿ ਹੋਈ।।**



www.AKJ.Org

ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ।।੪।।
ਨਿਰਮਲ ਹੰਸਾ ਪ੍ਰੇਮ ਪਿਆਰਿ ।। ਹਰਿ ਸਰਿ ਵਸੈ ਹਉਮੈ ਮਾਰਿ।।
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ।।੫।।
ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ।। ਇਸਨਾਨੁ ਕਰੈ ਪਰੁ ਮੈਲੁ ਨ ਜਾਈ।।
ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ।। ੬।।

( ਮਾਝ ਮਹਲਾ ੩, ਪੰਨਾ ੧੨੮-੨੯)

ਜਿਥੇ ਹੰਸ ਹਉਮੈ ਰਹਿਤ , ਸਨੇਹੀ ਤੇ ਮਿਲਾਪ ਹੈ, ਉਥੇ ਬਗਲਾ ਐਸਾ ਖ਼ੁਦਗਰਜ਼ੀ ਦਾ ਪੁਤਲਾ ਹੈ ਜਿਸ ਦੀ ਝੂਠੀ ਸਮਾਧੀ ਅਰਥਾਤ ਬਗਲ-ਸਮਾਧੀ ਤੋਂ ਕਪਟ ਦੀ ਦੁਰਗੰਧ ਅਨੁਭਵ ਹੁੰਦੀ ਹੈ। ਫਿਰ ਵੀ ਦਇਆਵਾਨ ਗੁਰਦੇਵ ਜੀ ਪ੍ਰਭੂ ਅਗੇ ਬੇਨਤੀ ਕਰਦੇ ਹਨ ਕਿ ਹੇ ਦਾਤਾਰ ਆਪਣੀ ਪਿਆਰੀ ਸੰਗਤ ਬਖਸ਼ੋ ਤੇ ਇਨ੍ਹਾਂ ਬਗਲਿਆਂ ਨੂੰ ਹੰਸਾਂ ਵਿਚ ਬਦਲੋ-

ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਆ।। ੪।। ੪।। (ਪੰਨਾ–੮੯੧)

ਇੱਕ ਭੁਖੇ ਜੀਵ ਨੂੰ ਰੋਟੀ ਖੁਆਉਣੀ, ਨਿਰਧਨ ਨੂੰ ਧਨ ਦੇਣਾ, ਵਿਹਲੜ ਨੂੰ ਕੰਮ ਦੇਣਾ ਸੌਖਾ ਹੈ, ਪਰ ਪਤਿਤ ਜੀਵ ਦੇ ਦੁਸ਼ਤ ਸੁਭਾਅ ਨੂੰ ਬਦਲਣਾ ਸਧਾਰਨ ਮਨੁਖ ਦਾ ਕੰਮ ਨਹੀਂ, ਇਹ ਅਰਸ਼ੀ ਪ੍ਰੀਤਮ ਦੇ ਹੱਥ ਵਿੱਚ ਹੈ। ਇਸ ਬਖਸ਼ਿਸ਼ ਦਾ ਅਧਿਕਾਰ ਪ੍ਰਭੂ ਜਾਂ ਜੋਤੀ ਸਰੂਪ ਸਤਿਗੁਰੂ ਕੋਲ ਹੈ।

ਕਿਆ ਹੰਸੁ ਕਿਆ ਬਗਲਾ ਜਾ ਕਉ ਨਦਰਿ ਕਰੇਇ।। ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ।।੨।।੨੦।।

(ਮ: ੧, ਸਿਰੀਰਾਗ ਕੀ ਵਾਰ, ਪੰਨਾ-੮੧)

ਬਗਲਾ ਘਟੋ ਘਟ ਬਾਹਰੋਂ ਤਾਂ ਚਿੱਟਾ ਹੈ, ਪਰ ਕਾਂ ਦੇ ਅੰਦਰ ਬਾਹਰ ਕਲੱਤਰ ਤੇ ਗੰਦਗੀ ਦੀ ਤਹਿ ਜੰਮੀ ਹੁੰਦੀ ਹੈ। ਸਤਿਗੁਰੂ ਐਸਾ ਅੰਮ੍ਰਿਤ ਦਾ ਸਰੋਵਰ ਹੈ ਜਿਸ ਦਾ ਪਾਵਨ ਇਸ਼ਨਾਨ ਕਾਂ ਵਰਗੇ ਮਲੀਨ ਪੁਰਖ ਦੀ ਵੀ ਨਾ ਕੇਵਲ ਸਰੀਰਕ ਮੈਲ ਦੂਰ ਕਰਦਾ ਹੈ, ਸਗੋਂ ਰਿਦੇ ਨੂੰ ਪਵਿੱਤਰਤਾ ਤੇ ਨਿਰਮਲਤਾ ਪਰਦਾਨ ਕਰਦਾ ਹੈ।

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸ ਹੋਹੇ।।
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ ਗੁਰਮਤਿ ਨਾਮੁ ਰਿਦੈ ਮਲੁ ਧੋਹੇ।। ੪।। ੨।।

(ਗੂਜਰੀ ਮ: ੪, ਪੰਨਾ-੪੯੩)

ਉਹ ਗੁਰਮੁਖ ਜਨ ਧੰਨ ਧੰਨੁ ਹਨ, ਜਿਹੜੇ ਆਪਣੇ ਰਿਦੇ ਵਿਚ ਗੁਰਮਤਿ ਵਸਾ ਕੇ ਹੰਸ ਜਨਾਂ ਦੀ ਪਦਵੀ ਤਕ ਪਹੁੰਚ ਗਏ ਹਨ।

---

# ਜਰੂਰੀ ਬੇਨਤੀ

ਅਖੰਡ ਕੀਰਤਨੀ ਜਥੇ ਦੇ ਸਾਰੇ ਸਿੰਘ ਅਤੇ ਸਿੰਘਣੀਆਂ ਸਾਦਾ ਪੁਸ਼ਾਕ ਅਪਨਾਉਣ ਅਤੇ ਹਰ ਤਰ੍ਹਾਂ ਦੇ ਹਾਰ ਸ਼ਿੰਗਾਰ ਗਹਿਣੇ ਆਦਿ ਦਾ ਤਿਆਗ ਕਰਨ, ਗਾਤਰਾ ਪੁਸ਼ਾਕ ਦੇ ਉਪਰੋਂ ਸਜਾਇਆ ਕਰਨ । ਸਿੰਘ ਲੰਗਰ ਅਤੇ ਦੇਗ ਦੀ ਸੇਵਾ ਮਰਯਾਦਾ ਅਨੁਸਾਰ ਪਜਾਮਾ ਤੇ ਪੈਂਟ ਆਦਿ ਉਤਾਰ ਕੇ ਕਮਰਕੱਸਾ ਕਰਕੇ ਹੀ ਕਰਿਆ ਕਰਨ ।

ਸੰਗਤਾਂ ਦਾ ਦਾਸ
ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜੱਥਾ।



www.AKJ.Org

ਬੱਚਿਆਂ ਦੇ ਪੰਨੇ

# ਬਾਬੇ ਨੇ ਇਉ ਆਖਿਆ

(ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ)

ਗਲੀ ਵਿਚ ਬੱਚੇ ਖੇਡ ਰਹੇ ਹਨ। ਹਨ੍ਹੇਰੀ ਦਾ ਬੁਲਾ ਆਇਆ ਅਤੇ ਪਲ ਹੀ ਪਲ ਵਿਚ ਸਾਰਿਆਂ ਦੇ ਸਿਰ ਮਿੱਟੀ ਨਾਲ ਭਰ ਗਏ। ਖੇਡ ਰਹੇ ਬੱਚਿਆਂ ਵਿਚ ਦੋ ਤਿੰਨ ਅਜੇਹੇ ਬਚੇ ਵੀ ਸਨ ਜਿਨ੍ਹਾਂ ਦੇ ਸਿਰਾਂ ਤੇ ਛੋਟੀਆਂ ਦਸਤਾਰਾਂ (ਕੇਸਕੀਆਂ) ਬੱਝੀਆਂ ਹੋਈਆਂ ਸਨ। ਉਨ੍ਹਾਂ ਦੇ ਕੇਸ ਮਿਟੀ ਘਟੇ ਤੋਂ ਬਚੇ ਰਹੇ ਜਦ ਕਿ ਨੰਗੇ ਸਿਰਾਂ ਵਾਲੇ ਬੱਚਿਆਂ ਦੇ ਕੇਸ ਮਿੱਟੀ ਘਟੇ ਨਾਲ ਲੱਥ-ਪੱਥ ਹੋ ਗਏ। ਕੋਲੋਂ ਦੀ ਲੰਘਦੇ ਹੋਏ ਇਕ ਬਾਬੇ ਨੇ ਬੱਚਿਆਂ ਨੂੰ ਇਉਂ ਆਖਿਆ :-

ਬਾਬਾ:- ਬੱਚਿਓ ! ਇਸ ਹਵਾ ਦੇ ਬੁਲੇ ਵਿਚ ਕੀ ਸੀ ?

ਕੁਝ ਬੱਚੇ:- ਬਾਬਾ ਜੀ, ਮਿੱਟੀ ਘੱਟਾ।

ਬਾਬਾ:- ਇਹ ਮਿੱਟੀ ਘੱਟਾ ਕਿਥੋਂ ਆਇਆ ?

ਬੱਚੇ :- ਜੀ ! ਗਲੀ ਵਿਚੋਂ।

ਬਾਬਾ:-ਜਿਥੇ ਕੁੱਤੇ ਅਤੇ ਪਸ਼ੂ ਜਾਂਦੇ ਜਾਂਦੇ ਟੱਟੀ ਪਿਸ਼ਾਬ ਕਰ ਜਾਂਦੇ ਹਨ ਅਤੇ ਨਾਲੀਆਂ ਦਾ ਗੰਦ ਖਿਲਰਿਆ ਰਹਿੰਦਾ ਹੈ ?

ਬੱਚੇ :- ਜੀ ਹਾਂ।

ਬਾਬਾ:- ਤਾਂ ਤੇ ਫੇਰ ਤੁਹਾਡੇ ਸਿਰਾਂ ਵਿਚ ਟੱਟੀ ਪਿਸ਼ਾਬ ਵਾਲਾ ਮਿਟੀ ਘੱਟਾ ਰਚ ਗਿਆ।

ਦਸਤਾਰੇ ਵਾਲੇ ਬੱਚੇ:- ਬਾਬਾ ਜੀ, ਸਾਡੇ ਤੇ ਸਿਰਾਂ ਉਪਰ ਦਸਤਾਰਾਂ ਹਨ। ਮਿਟੀ ਤਾਂ ਇਨ੍ਹਾਂ (ਨੰਗੇ ਸਿਰਾਂ ਵਾਲੇ ਬੱਚਿਆਂ ਵਲ ਨੂੰ ਇਸ਼ਾਰਾ ਕਰਦੇ ਹੋਏ) ਦੇ ਸਿਰਾਂ ਵਿਚ ਹੀ ਪਈ ਹੈ।

ਬਾਬਾ :- (ਨੰਗੇ ਸਿਰ ਵਾਲੇ ਬੱਚਿਆਂ ਨੂੰ ਸੰਬੋਧਨ ਕਰਦਾ ਹੋਇਆ) ਕਿਉਂ ਬੱਚਿਓ ! ਤੁਸੀਂ ਅਪਣੇ ਸਿਰਾਂ ਵਿੱਚ ਗਲੀਆਂ ਦਾ ਕੂੜਾ ਕਰਕਟ ਪੁਆਉਣਾ ਚਾਹੁੰਦੇ ਹੋ ਜਾਂ ਆਪਣੇ ਕੇਸਾਂ ਨੂੰ ਗਲੀਆਂ ਰਾਹਾਂ ਦੀ ਖੇਹ ਸੁਆਹ ਤੋਂ ਬਚਾ ਕੇ ਰੱਖਣਾ ਚਾਹੁੰਦੇ ਹੋ ?

ਬੱਚੇ :-(ਇਕ ਆਵਾਜ਼ ਵਿਚ) ਬਾਬਾ ਜੀ ! ਬਚਾ ਕੇ ।

ਬਾਬਾ:- ਜੇ ਬੱਚਿਓ ਤੁਸੀਂ ਆਪਣੇ ਕੇਸ ਸਾਫ ਸੁਥਰੇ ਰੱਖਣਾ ਚਾਹੁੰਦੇ ਹੋ ਤਾਂ ਤੁਸੀਂ ਵੀ ਇਨ੍ਹਾਂ (ਦਸਤਾਰ ਵਾਲੇ ਬੱਚਿਆਂ ਵੱਲ ਨੂੰ ਇਸ਼ਾਰਾ ਕਰਦੇ ਹੋਏ)ਵਾਂਗ ਦਸਤਾਰਾਂ ਸਜਾ ਕੇ ਰਖੋ।

ਬੱਚੇ - (ਇਕ ਆਵਾਜ਼ ਵਿਚ) ਅੱਛਾ ਜੀ।

* * * * * * * * * *

ਇਕ ਦਿਨ ਬੱਚਿਆਂ ਨੇ ਬਾਬਾ ਜੀ ਨੂੰ ਕਿਹਾ:

ਬੱਚੇ:- ਬਾਬਾ ਜੀ ! ਕੀ ਸਿਖਾਂ ਲਈ ਸਿਗਰਟ ਤੇ ਸ਼ਰਾਬ ਪੀਣੀ ਮਨ੍ਹਾਂ ਨਹੀਂ ?

ਬਾਬਾ:- ਬੱਚਿਓ ! ਸਿਖ ਵਾਸਤੇ ਤੰਬਾਕੂ ਸਿਗਰਟ ਪੀਣਾ ਬੱਜਰ ਕੁਰਹਿਤ ਹੈ। ਸ਼ਰਾਬ ਪੀਣੀ ਸਿੱਖਾਂ ਲਈ ਬਿਲਕੁਲ ਮਨ੍ਹਾ ਹੈ। ਸਿਗਰਟ ਹੁੱਕਾ ਪੀਣ ਵਾਲਾ ਪਤਿਤ ਗਿਣਿਆ ਜਾਂਦਾ ਹੈ ਅਤੇ ਸਿੱਖ ਧਰਮ ਵਿਚੋਂ ਖਾਰਜ(ਕਢਿਆ) ਹੋਇਆ ਸਮਝਿਆ ਜਾਂਦਾ ਹੈ।

ਬੱਚੇ : ਫੇਰ ਬਾਬਾ ਜੀ ਸਾਡੇ ਪਿੰਡ ਦੇ ਕੁਝ ਸਿੱਖ ਚੋਰੀ ਛਿਪੇ ਸਿਗਰਟ ਕਿਉਂ ਪੀਂਦੇ ਹਨ । ਤੇ ਸ਼ਰਾਬ ਤਾਂ ਲਗਪਗ ਸਾਡੇ ਘਰਾਂ ਵਿੱਚ ਪੀਤੀ ਜਾ ਰਹੀ ਹੈ ।

ਬਾਬਾ :- ਬੱਚਿਓ ! ਗੁਰੂ ਕੇ ਸਿੱਖ ਸਿਗਰਟ, ਸ਼ਰਾਬ ਨਹੀ ਪੀਂਦੇ। ਜੋ ਸਿਗਰਟ ਜਾਂ ਸ਼ਰਾਬ ਦੀ ਵਰਤੋਂ ਕਰ ਰਹੇ ਹਨ ਉਹ ਗੁਰੂ ਕੇ ਸਿੱਖ ਨਹੀਂ ਹਨ। ਉਹਨਾਂ ਨੂੰ ਗੁਰੂ ਹੁਕਮਾਂ ਦੀ ਸੋਝੀ ਨਹੀਂ। ਕਿਉਂਕਿ ਸਾਡੇ ਆਗੂ ਪਿੰਡਾਂ ਵਿਚ ਸਿਖੀ ਦਾ ਪ੍ਰਚਾਰ ਨਹੀਂ ਕਰਦੇ, ਇਸ ਲਈ ਭੁੱਲੜ ਲੋਕਾਂ ਨੂੰ ਸਿੱਖੀ ਅਸੂਲਾਂ ਦੀ ਸੋਝੀ ਹੋਵੇ ਕਿਵੇਂ ? ਤੁਸੀਂ ਗੁਰੂ ਦੇ ਬੀਬੇ ਸਿੱਖ ਬੱਚੇ ਬਣਨਾ ਹੈ। ਕਦੀ ਭੁੱਲਕੇ ਵੀ ਸ਼ਰਾਬ, ਤੰਬਾਕੂ ਪੀਣ ਵਾਲਿਆਂ ਦੇ ਨੇੜੇ ਨਹੀਂ ਜਾਣਾ।

* * * * * *

ਛੁੱਟੀ ਵਾਲੇ ਦਿਨ ਬੱਚੇ ਡੰਗਰ ਮੱਝਾਂ ਚਾਰਦੇ ਜਾਂ ਖੇਡਦੇ ਮੱਲ੍ਹਦੇ ਬਾਬਾ ਜੀ ਕੋਲ ਖੂਹ ਤੇ ਸ਼ਹਿਤੂਤ ਦੇ ਦਰਖਤ ਥੱਲੇ ਆ ਬੈਠਦੇ ਅਤੇ ਬਾਬਾ ਜੀ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਦੇ ਰਹਿੰਦੇ। ਬਾਬਾ ਜੀ ਕੋਲ ਇੱਕ ਦੂਜੇ ਦੀ ਸ਼ਿਕਾਇਤ ਵੀ ਕਰ ਦਿੰਦੇ। ਬਾਬਾ ਜੀ ਬੱਚਿਆਂ ਨੂੰ ਸਮਝਾ ਬੁਝਾ ਕੇ ਉਨ੍ਹਾਂ ਦੀਆਂ ਮੁੜ ਗਲਵੱਕੜੀਆਂ ਪੁਆ ਦਿੰਦੇ। ਇਕ ਦਿਨ ਇਕ ਬੱਚੇ ਨੇ ਬਾਬਾ ਜੀ ਕੋਲ ਇਉਂ ਸ਼ਿਕਾਇਤ ਕੀਤੀ:-

ਬੱਚਾ:- ਬਾਬਾ ਜੀ ਇਹ ( ਇਕ ਲੜਕੇ ਵੱਲ ਇਸ਼ਾਰਾ ਕਰਕੇ) ਮੈਨੂੰ ਗਾਲ੍ਹਾਂ ਕੱਢਦਾ ਰਹਿੰਦਾ ਹੈ।



www.AKJ.Org

ਬਾਬਾ:- (ਉਸ ਬੱਚੇ ਨੂੰ ਸੰਬੋਧਨ ਕਰਕੇ) ਦੇਖ ਬਈ ਕਾਕਾ! ਗਾਲ੍ਹਾਂ ਨਹੀਂ ਕਢੀਦੀਆਂ, ਗਾਲ੍ਹਾਂ ਕੱਢਣ ਨਾਲ ਆਪਣੀ ਹੀ ਜ਼ਬਾਨ ਗੰਦੀ ਹੁੰਦੀ ਹੈ। ਦੂਜੇ ਨੂੰ ਗੁੱਸਾ ਆ ਜਾਂਦਾ ਹੈ ਅਤੇ ਗਾਲ੍ਹਾਂ ਲੜਾਈ ਝਗੜੇ ਦਾ ਕਾਰਨ ਬਣ ਜਾਂਦੀਆਂ ਹਨ।

ਇਕ ਬੱਚਾ:- ਬਾਬਾ ਜੀ! ਸਾਡੀ ਕਿਤਾਬ ਵਿਚ ਲਿਖਿਆ ਹੋਇਆ ਹੈ:

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।**

ਬਾਬਾ:- ਬਿਲਕੁਲ ਠੀਕ। ਫਿੱਕਾ ਬੋਲਣ ਨਾਲ ਤਨ ਮਨ ਫਿੱਕਾ ਹੋ ਜਾਂਦਾ ਹੈ।

ਇੱਕ ਹੋਰ ਬੱਚਾ : ਬਾਬਾ ਜੀ ! ਇਹ ਕਿਵੇਂ ?

ਬਾਬਾ :- ਦੇਖੋ ਬੱਚਿਉ ! ਜਦੋਂ ਅਸੀਂ ਫਿੱਕੇ ਬੋਲ ਬੋਲਦੇ ਹਾਂ ਤਾਂ ਸਾਡੇ ਅੰਦਰ ਕ੍ਰੋਧ ਪੈਦਾ ਹੋ ਜਾਂਦਾ ਹੈ। ਗੁੱਸਾ ਸਾਡੇ ਖ਼ੂਨ ਨੂੰ ਗਰਮ ਕਰ ਦਿੰਦਾ ਹੈ। ਸਾਡੀ ਮੱਤ ਮਾਰੀ ਜਾਂਦੀ ਹੈ, ਸਾਡੇ ਹਿਰਦੇ ਅੰਦਰ ਬੇਚੈਨੀ ਪੈਦਾ ਹੋ ਜਾਂਦੀ ਹੈ। ਮਨ ਦੀ ਸ਼ਾਂਤੀ ਜਾਂਦੀ ਰਹਿੰਦੀ ਹੈ। ਫਿੱਕਾ ਬੋਲਣ ਨਾਲ ਸਾਡੇ ਤਨ ਮਨ ਵਿਚ ਅਜੇਹੀ ਤਰਥੱਲੀ ਮੱਚਦੀ ਹੈ ਕਿ ਫਿੱਕੇ ਪਕਵਾਨ ਵਾਂਗ ਸਾਡਾ ਤਨ ਤੇ ਮਨ ਕਿਰਕਰਾ ਹੋ ਜਾਂਦਾ ਹੈ। ਅਸੀਂ ਗੁੱਸੇ ਨਾਲ ਭਰੇ ਪੀਤੇ ਹਲਕਾਏ ਕੁਤੇ ਵਾਂਗ ਮੂਹੋਂ ਝੱਗ ਛੱਡੀ ਊਲ ਜਲੂਲ ਬੋਲੀ ਜਾਂਦੇ ਹਾਂ।

ਇੱਕ ਬੱਚਾ:- ( ਗਾਲ੍ਹਾਂ ਕੱਢਣ ਵਾਲੇ ਵੱਲ ਇਸ਼ਾਰਾ ਕਰਕੇ) ਬਾਬਾ ਜੀ ਤੁਸੀਂ ਇਸ ਨੂੰ ਸਮਝਾਉ, ਇਹ ਅਗੋਂ ਤੋਂ ਗਾਲ੍ਹਾਂ ਨਾ ਕੱਢਿਆ ਕਰੇ।

ਬਾਬਾ:- ਦੇਖ ਬਈ ਕਾਕਾ! ਅਗੋਂ ਤੋਂ ਕਿਸੇ ਨੂੰ ਗਾਲ੍ਹ ਨਹੀਂ ਕੱਢਣੀ ?

ਇੱਕ ਹੋਰ ਬੱਚਾ:- ਬਾਬਾ ਜੀ! (ਇਕ ਮੋਨੇ ਮੁੰਡੇ ਵੱਲ ਇਸ਼ਾਰਾ ਕਰਕੇ) ਇਹ ਮੁੰਡਾ ਮੈਨੂੰ ਕਹਿੰਦਾ ਰਹਿੰਦਾ ਆ " ਸਿਖਾਂ ਦੇ ਬਾਰਾਂ ਬੱਜ ਗਏ।" (ਇਕ ਮੁੰਡਾ ਤੈਸ਼ ਵਿਚ ਆ ਕੇ ) ਓਏ ਦਸਾਂ ਫੇਰ ਤੈਨੂੰ ਬਾਰਾਂ ਬਜਾ ਕੇ ?

ਬਾਬਾ:- ਦੇਖੋ ਬਈ! ਗੁੱਸੇ ਵਿੱਚ ਨਾ ਆਓ।

ਉਹ ਬੱਚਾ:- ਬਾਬਾ ਜੀ, ਇਹ ਫੇਰ ਸਾਨੂੰ ਟਿੱਚਰਾਂ ਕਿਉਂ ਕਰਦੇ ?

ਮੋਨਾ ਮੁੰਡਾ:- ਬਾਬਾ ਜੀ! ਇਹ ਮੈਨੂੰ ਸਿਰ ਘਸਾ ਕਿਉਂ ਕਹਿੰਦੇ ਆ?

ਬਾਬਾ:- ਦੇਖੋ ਬਈ ਬੱਚਿਓ! ਅਜੇਹੀ ਕੋਈ ਵੀ ਗੱਲ ਮੂੰਹੋਂ ਨਹੀਂ ਕੱਢਣੀ ਚਾਹੀਦੀ ਜਿਸ ਨਾਲ ਕਿਸੇ ਦਾ ਦਿਲ ਦੁਖੇ।

ਇਕ ਮੁੰਡਾ:- ਬਾਬਾ ਜੀ! ਲੋਕੀਂ ਕਿਉਂ ਕਹਿੰਦੇ ਹਨ: " ਸਿਖਾਂ ਦੇ ਬਾਰਾਂ ਬੱਜ ਗਏ ? "

ਬਾਬਾ:- ਬੱਚਿਓ! ਮੁਗਲ ਰਾਜ ਸਮੇਂ ਹਕੂਮਤ ਵਲੋਂ ਹਿੰਦੂਆਂ ਸਿਖਾ ਤੇ ਬਹੁਤ ਅਤਿਆਚਾਰ ਹੁੰਦੇ ਰਹੇ ਹਨ। ਹਿੰਦੂਆਂ ਸਿੱਖਾਂ ਨੂੰ ਕਾਫਰ ਸਮਝਿਆ ਜਾਂਦਾ ਸੀ। ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਂਦਾ ਸੀ। ਉਨ੍ਹਾਂ ਦਾ ਜਾਨ ਮਾਲ ਹਮੇਸ਼ਾ ਹੀ ਖਤਰੇ ਵਿਚ ਰਹਿੰਦਾ ਸੀ। ਇਸ ਅਤਿਆਚਾਰ ਨੂੰ ਰੋਕਣ ਲਈ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਬਲੀਦਾਨ ਦੇਣਾ ਪਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ੋਰ ਜ਼ੁਲਮ ਦੇ ਖਿਲਾਫ ਤਲਵਾਰ ਉਠਾਉਣੀ ਪਈ। ਬਾਬਾ ਬੰਦਾ ਸਿੰਘ ਬਹਾਦਰ ਦੇ ਫੜੇ ਜਾਣ ਤੋਂ ਬਾਅਦ ਪੰਜਾਬ ਵਿੱਚ ਨਵਾਬ ਜ਼ਕਰੀਆ ਖਾਨ ਅਤੇ ਮੀਰ ਮੰਨੂ ਨੇ ਜ਼ੁਲਮ ਦੀ ਤਰਥੱਲੀ ਮਚਾ ਦਿਤੀ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗ ਪਏ ਅਤੇ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਲਈ ਹਕੂਮਤ ਨੇ ਆਪਣਾ ਸਾਰਾ ਤਾਣ ਲਾ ਦਿੱਤਾ। ਸਿਖ ਆਪਣੇ ਘਰ ਘਾਟ ਛੱਡਕੇ ਜੰਗਲ ਬੇਲਿਆਂ ਵਿੱਚ ਜਾ ਲੁਕੇ।

ਬੱਚੇ :- ਬਾਬਾ ਜੀ ! ਫੇਰ ਕੀ ਹੋਇਆ?

ਬਾਬਾ :- ਬੱਚਿਓ ! ਕਾਬਲ ਕੰਧਾਰ ਵਲੋਂ ਭਾਰਤ ਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਹੋਣ ਲੱਗ ਪਏ। ਧਾੜਵੀ ਹਿੰਦੋਸਤਾਨ ਨੂੰ ਲੁੱਟ ਪੁੱਟ ਕੇ ਆਪਣੇ ਦੇਸ਼ ਜਾ ਵੜਦੇ। ਮਾਸੂਮ ਸੁੰਦਰੀਆਂ ਨੂੰ ਭੇਡਾਂ ਵਾਂਗ ਹੱਕਕੇ ਆਪਣੇ ਨਾਲ ਲੈ ਜਾਂਦੇ।

ਇੱਕ ਬੱਚਾ :- ਬਾਬਾ ਜੀ! ਗੁਰੂ ਕੇ ਸਿੰਘ ਸੂਰਮੇਂ ਜੰਗਲੀ ਹੀ ਲੁਕੇ ਰਹਿੰਦੇ ?

ਬਾਬਾ:- ਬੱਚਿਓ! ਨਹੀਂ, ਗੁਰੂ ਦੇ ਦੁਲਾਰੇ, ਪਰਉਪਕਾਰੀ ਸਿੰਘ ਮੌਕਾ ਤਾੜ ਕੇ ਧਾੜਵੀਆਂ ਤੇ ਹੱਲਾ ਬੋਲ ਦਿੰਦੇ ਅਤੇ ਲੁੱਟਿਆ ਮਾਲ ਵਾਪਸ ਲੈ ਆਉਂਦੇ।

ਇੱਕ ਬੱਚਾ :- ਬਾਬਾ ਜੀ ! ਫੜੀਆਂ ਹੋਈਆਂ ਤੀਵੀਆਂ ਉਹ ਕੀ ਕਰਦੇ ?

ਬਾਬਾ:- ਬੱਚਾ ! ਉਨ੍ਹਾਂ ਨੂੰ ਧਾੜਵੀਆਂ ਕੋਲੋਂ ਛੁਡਾ ਕੇ ਉਹਨਾਂ ਦੇ ਵਾਰਸਾਂ ਕੋਲ ਘਰੋ ਘਰੀਂ ਪਹੁੰਚਾ ਦਿੰਦੇ।



www.AKJ.Org

ਇਕ ਹੋਰ ਬੱਚਾ :- ਬਾਬਾ ਜੀ ! ਸਿੱਖ ਹੱਲਾ ਕਦੋਂ ਬੋਲਦੇ ਸਨ ?

ਬਾਬਾ: ਬੱਚਿਓ ! ਏਹੋ ਕੋਈ ਰਾਤ ਦੇ ਬਾਰਾਂ ਕੁ ਵਜੇ, ਜਦੋਂ ਜਾਬਰ ਫੌਜੀ ਘੂਕ ਸੁਤੇ ਪਏ ਹੁੰਦੇ ਤਾਂ ਮੁੱਠੀ ਭਰ ਸਿੱਖ ਬਿਜਲੀ ਦੀ ਲਿਸ਼ਕਾਰ ਵਾਂਗ ਦੁਸ਼ਮਣ ਤੇ ਟੁੱਟ ਪੈਂਦੇ ਅਤੇ ਪਲੋ-ਪਲੀ ਵਿਚ ਹੀ ਆਪਣਾ ਉਦੇਸ਼ ਪੂਰਾ ਕਰਕੇ ਤਿੱਤਰ ਹੋ ਜਾਂਦੇ। ਧਾੜਵੀਂ ਫੌਜਾਂ ਵਿਚ ਭਗਦੜ ਮੱਚ ਜਾਂਦੀ ਅਤੇ ਔਹ ਗਏ, ਔਹ ਗਏ ਹੋਣ ਲਗ ਪੈਂਦੀ।

ਬੱਚਿਓ ! ਸਿੰਘਾਂ ਦੇ ਇਸ ਪੈਂਤੜੇ ਨੂੰ ਮੁੱਖ ਰੱਖ ਕੇ ਧਾੜਵੀਂ ਬਾਰਾਂ ਵਜੇ ( ਅਧੀ ਰਾਤ) ਦੇ ਸਮੇਂ ਨੂੰ ਯਾਦ ਰੱਖਣ ਲਗ ਪਏ ਅਤੇ ਅਗੋਂ ਨੂੰ ਉਨ੍ਹਾਂ ਦੇ ਸੰਤਰੀ ਬਾਰਾਂ ਵੱਜਣ ਤੇ ਸਿੰਘਾਂ ਦੇ ਹੱਲੇ ਤੋਂ ਹੁਸ਼ਿਆਰ ਰਹਿਣ ਲਈ ਉੱਚੀ ਉੱਚੀ " ਬਾਰਾਂ ਵੱਜ ਗਏ", " ਬਾਰਾਂ ਵੱਜ ਗਏ" ਆਵਾਜੇ ਕੱਸਦੇ ।

ਬੱਚਿਓ ! ਕੁਝ ਸ਼ਰਾਰਤੀ ਲੋਕਾਂ ਨੇ ਸਿੰਘਾਂ ਦੀ ਬਹਾਦਰੀ ਦੀ ਦਾਦ ਦੇਣ ਦੀ ਥਾਂ ਮਖੌਲ ਕਰਨੇ ਸ਼ੁਰੂ ਕਰ ਦਿਤੇ ਹਨ ਕਿ " ਸਿਖਾਂ ਦੇ ਬਾਰਾਂ ਵੱਜ ਗਏ। "

ਇੱਕ ਬੱਚਾ :- ਬਾਬਾ ਜੀ ! ਅਸੀਂ ਅਜਿਹੇ ਮਖੌਲ ਨਹੀਂ ਸਹਿਣੇ। ਅਸੀਂ ਤਾਂ ਤੁੰਨ ਕੇ ਰੱਖ ਦਿਆਂਗੇ ਅਜੇਹੇ ਸ਼ਰਾਰਤੀਆਂ ਨੂੰ।

( ਇਕ ਹੋਰ ਬੱਚਾ ਮੋਨੇ ਮੁੰਡੇ ਉਤੇ ਨੂੰ ਰੋਹ ਵਿਚ ਉਲਰਦਾ ਹੋਇਆ।)

ਕਿਉਂ ਓਏ ਤੂੰ ਫੇਰ ਕਹੇਂਗਾ ਬਾਰਾਂ ਵੱਜ ਗਏ ?

ਮੋਨਾ ਮੁੰਡਾ:- (ਪਰੇ ਨੂੰ ਖਿਸਕਦਾ ਅਤੇ ਹੱਥ ਬੰਨ੍ਹਦਾ ਹੋਇਆ) ਮੇਰੀ ਤੋਬਾ ! ਮੇਰੀ ਤੋਬਾ ! ਮੈਂ ਨਹੀਂ ਕਹਿੰਦਾ। ਹੁਣ ਮੈਨੂੰ ਸਮਝ ਆ ਗਈ ਹੈ ਕਿ ਸਾਡੀਆਂ ਹੀ ਧੀਆਂ ਭੈਣਾਂ ਨੂੰ ਛੁਡਾਉਣ ਲਈ ਸਿੱਖ ਰਾਤ ਦੇ ਬਾਰਾਂ ਵਜੇ ਧਾਵਾ ਬੋਲਿਆ ਕਰਦੇ ਸਨ।

(ਏਨੇ ਨੂੰ ਸੰਤਾ ਹੱਥ ਡਾਂਗ ਫੜੀ ਉੱਚੀ ਉੱਚੀ ਮੁੰਡਿਆਂ ਨੂੰ ਹਾਕਾਂ ਮਾਰਦਾ ਹੋਇਆ ਉੱਧਰ ਆ ਨਿਕਲਿਆ ਅਤੇ ਸਾਰੇ ਮੁੰਡੇ ਆਪਣੇ ਆਪਣੇ ਡੰਗਰਾਂ ਮਗਰ ਭੱਜ ਗਏ।)

* * * * * *

ਇਕ ਦਿਨ ਰੇਬਦਾਰ ਕਛਹਿਰੇ ਵਾਲੇ ਇਕ ਬੱਚੇ ਨੇ ਬਾਬੇ ਕੋਲ ਇਉਂ ਸ਼ਿਕਾਇਤ ਕੀਤੀ:-

ਇਕ ਬੱਚਾ : - ਬਾਬਾ ਜੀ ਇਹ ਮੁੰਡੇ ਮੈਨੂੰ " ਭਾਈ ਭਾਈ " ਕਹਿਕੇ ਛੇੜਦੇ ਰਹਿੰਦੇ ਆ।

ਬਾਬਾ:- ਕਾਕਾ !" ਭਾਈ" ਕੋਈ ਭੈੜਾ ਸ਼ਬਦ ਹੈ ?

ਬੱਚਾ :—ਜੀ ! ਇਹ(ਸ਼ਰਾਰਤੀ ਬੱਚਿਆਂ ਵੱਲ ਇਸ਼ਾਰਾ ਕਰਕੇ ) ਮੈਨੂੰ ਭਾਈ ਭਾਈ ਕਹਿ ਕੇ ਚਿੜਾਉਂਦੇ ਰਹਿੰਦੇ ਆ ।

ਬਾਬਾ :- (ਸ਼ਰਾਰਤੀ ਬੱਚਿਆਂ ਵਲ ਨੂੰ) ਕਿਉਂ ਬਈ ! ਤੁਸੀ ਇਸ ਨੂੰ ਕਿਉਂ ਚਿੜਾਂਦੇ ਓ ?

ਇੱਕ ਬੱਚਾ:- ਜੀ, ਇਹਨੇ ਗੁਰਦੁਆਰੇ ਦੇ ਭਾਈਆਂ ਵਰਗੀ ਕੱਛ (ਰੇਬਦਾਰ ਕਛਹਿਰਾ) ਪਾਈ ਹੋਈ ਆ। ਇਸ ਕਰਕੇ ਅਸੀਂ ਇਹਨੂੰ ਭਾਈ ਕਹਿ ਦਿੰਦੇ ਆਂ।

ਬਾਬਾ:- ਰੇਬਦਾਰ ਕਛਹਿਰਾ ਤਾਂ ਸਗੋਂ ਨੰਗੇਜ ਨੂੰ ਢੱਕਣ ਵਾਸਤੇ ਢੁਕਵਾਂ ਪਹਿਰਾਵਾ ਹੈ। ਖੁਲ੍ਹੇ ਕੱਛੇ ਤਾਂ ਬੇਪਰਦ ਹਨ। ਉਹ ਨੰਗੇਜ ਨੂੰ ਪੂਰੀ ਤਰ੍ਹਾਂ ਨਹੀਂ ਢੱਕ ਸਕਦੇ ।

ਇੱਕ ਬੱਚਾ:- ਇਹ ਤਾਂ ਠੀਕ ਹੈ। ਪਰ ਜੀ ! ਰੇਬਦਾਰ ਕਛਹਿਰਾ ਪਾ ਕੇ ਵੀ ਲੋਕੀਂ ਭੈੜੇ ਕੰਮ ਕਿਉਂ ਕਰਦੇ ਆ ?

ਬਾਬਾ:- ਬੱਚਿਉ ! ਜਿਹੜੇ ਲੋਕੀਂ ਹੱਥ ਕੜਾ, ਤੇੜ ਕਛਹਿਰਾ , ਗਾਤਰੇ ਕਿਰਪਾਨ, ਸਿਰ ਕੇਸ ਦਸਤਾਰ ਅਤੇ ਕੰਘਾ ਰੱਖ ਕੇ ਵੀ ਝੂਠ ਬੋਲਦੇ ਹਨ ਚੋਰੀ ਕਰਦੇ ਹਨ, ਵੱਢੀ ਬੇਈਮਾਨੀ ਦੀ ਕਮਾਈ ਘਰ ਲਿਆਉਂਦੇ ਹਨ, ਪਰਾਏ ਮਾਲ ਤੇ ਝਾਕ ਰੱਖਦੇ ਹਨ। ਦਸਾਂ ਨਹੁੰਆਂ ਦੀ ਕਿਰਤ ਨਹੀਂ ਕਰਦੇ, ਮੱਖਟੂ ਬਣਕੇ ਪੂਜਾ ਦਾ ਧਾਨ ਖਾ ਕੇ ਗੋਗੜਾਂ ਵਧਾਉਂਦੇ ਹਨ, ਉਹ ਗੁਰੂ ਦੇ ਨਾਂ ਨੂੰ ਲਾਜ ਲਾਉਂਦੇ ਹਨ । ਲੋਕੀਂ ਉਹਨਾਂ ਨੂੰ ਭੇਖੀ, ਬਹੁਰੂਪੀਏ, ਸਮਝਕੇ ਉਨ੍ਹਾਂ ਦਾ ਮਖੌਲ ਉਡਾਉਂਦੇ ਹਨ।

ਰੇਬਦਾਰ ਕਛਹਿਰੇ ਵਾਲਾ ਬੱਚਾ:- ਜੀ ! ਮੈਂ ਤਾਂ ਝੂਠ ਨਹੀਂ ਬੋਲਦਾ ।

ਬਾਬਾ:- ( ਉਸ ਨੂੰ ਥਾਪੀ ਦਿੰਦਾ ਹੋਇਆ) ਸ਼ਾਬਾਸ਼ ! (ਬਾਕੀ ਬੱਚਿਆਂ ਨੂੰ ਸੰਬੋਧਨ ਕਰਦਾ ਹੋਇਆ) ਦੇਖੋ ਬੱਚਿਓ ! ਪੰਜ ਕਕਾਰ ਗੁਰੂ ਕਾ ਸਿੱਖ ਹੋਣ ਦੀ ਨਿਸ਼ਾਨੀ ਹਨ। ਜਿਹੜਾ ਮਨੁੱਖ ਇਨ੍ਹਾਂ ਨੂੰ ਪਹਿਨ ਕੇ



www.AKJ.Org

ਆਪਣੇ ਆਚਰਨ ਨੂੰ ਸੱਚਾ ਤੇ ਸੁੱਚਾ ਨਹੀਂ ਰੱਖਦਾ ਅਤੇ ਗੁਰੂ ਹੁਕਮਾਂ ਅਨੁਸਾਰ ਨਹੀਂ ਚੱਲਦਾ ਉਹ ਚੋਰ ਹੈ,ਗੁਰੂ ਦਾ ਦੇਣਦਾਰ ਹੈ, ਗੁਰੂ ਦੇ ਨਾਂ ਨੂੰ ਵੱਟਾ ਲਾਉਂਦਾ ਹੈ। ਆਚਰਨਹੀਣ ਅਜੇਹੇ ਭੇਖੀ ਲੋਕ, ਸਿਖਾਂ ਨੂੰ ਬਦਨਾਮ ਕਰਦੇ ਹਨ। ਤਾਹੀਓਂ ਲੋਕੀਂ ਉਨ੍ਹਾਂ ਨੂੰ "ਭਾਈ ਭਾਈ" ਕਹਿਕੇ ਦੁਰਕਾਰਦੇ ਹਨ। ਸਚਿਆਰ ਸਿੱਖਾਂ ਨੂੰ ਲੋਕੀਂ "ਭਾਈ ਸਾਹਿਬ, ਭਾਈ ਸਾਹਿਬ" ਕਹਿਕੇ ਸਤਿਕਾਰਦੇ ਹਨ।

ਦੇਖੋ ! ਇਸ ਬਚੇ ਨੇ ਰੇਬਦਾਰ ਕਛਹਿਰਾ ਪਾਇਆ ਹੋਇਆ ਹੈ, ਇਸ ਦੇ ਹੱਥ ਕੜਾ ਹੈ, ਕੇਸ ਕੰਘਾ ਅਰ ਦਸਤਾਰ ਸਜਾਈ ਹੋਈ ਹੈ। ਇਹ ਕਿੰਨਾ ਮਨਮੋਹਨਾ ਨਜ਼ਰ ਆਉਂਦਾ ਹੈ ? ਇਸ ਪਹਿਰਾਵੇ ਕਾਰਨ ਹਰ ਇੱਕ ਇਸ ਨੂੰ ਗੁਰੂ ਕਾ ਲਾਲ ਸਮਝਦਾ ਹੈ। ਇਹ ਕਹਿੰਦਾ ਹੈ ਕਿ ਮੈਂ ਝੂਠ ਨਹੀਂ ਬੋਲਦਾ। ਇਹ ਇਸ ਦੇ ਉਚੇ ਆਚਰਨ ਦੀ ਨਿਸ਼ਾਨੀ ਹੈ। ਤੁਹਾਨੂੰ ਵੀ ਸਿਖੀ ਰਹਿਤ ਦੇ ਧਾਰਨੀ ਹੋਣਾ ਚਾਹੀਦਾ ਹੈ ਤਾਂ ਜੋ ਭੈੜੀ ਹਰਕਤ ਕਰਨ ਲੱਗਿਆਂ ਇਹਨਾਂ ਕਕਾਰਾਂ ਸਦਕਾ ਤੁਹਾਨੂੰ ਆਪਣਾ ਗੁਰੂ ਯਾਦ ਆ ਜਾਵੇ ਅਤੇ ਤੁਸੀਂ ਕੁਕਰਮ ਕਰਨੋਂ ਰੁਕ ਜਾਵੋ।

ਬੱਚਿਓ ! ਕੀ ਤੁਸੀਂ ਆਚਰਨ ਵਾਲੇ ਬਣਨਾ ਚਾਹੁੰਦੇ ਹੋ ਜਾਂ ਆਚਰਨਹੀਣ ?

ਬੱਚੇ :- ਆਚਰਨ ਵਾਲੇ।

ਬਾਬਾ:- ਜੇ ਤੁਸੀਂ ਆਚਰਨ ਵਾਲੇ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਵੀ ਇਸ ਬੱਚੇ ਵਾਂਗ ਸਿਖੀ ਰਹਿਤ ਦੇ ਧਾਰਨੀ ਬਣੋ। ਗੁਰ ਹੁਕਮਾਂ ਨੂੰ ਸਮਝੋ ਅਤੇ ਅਮਲ ਕਰੋ।

ਇਕ ਬੱਚਾ:- ਬਾਬਾ ਜੀ ? ਗੁਰ ਹੁਕਮ ਕੀ ਹਨ ?

ਬਾਬਾ:- ਗੁਰ ਦਰਸਾਈ ਰਹਿਤ ਰੱਖਣੀ, ਗੁਰਬਚਨਾਂ (ਗੁਰਬਾਣੀ) ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਅਤੇ ਕੁਰਹਿਤਾਂ ਤੋਂ ਬਚ ਕੇ ਰਹਿਣਾ।

ਇੱਕ ਹੋਰ ਬੱਚਾ : ਜੀ, ਗੁਰ ਹੁਕਮਾਂ ਦੀ ਪੂਰਨ ਸੋਝੀ ਕਿਥੋਂ ਲਈਏ ?

ਬਾਬਾ :-ਬੱਚਿਓ ! ਗੁਰੂ ਦੀ ਬਾਣੀ ਨੂੰ ਪੜ੍ਹੋ ਤੇ ਸੁਣੋ। ਸੁਣ ਪੜ੍ਹਕੇ ਮੰਨ ਵਸਾਓ। ਸਤਿਗੁਰੂ ਦੇ ਬਚਨਾਂ ਨੂੰ ਮੰਨ ਵਸਾ ਕੇ ਉਨ੍ਹਾਂ ਤੇ ਅਮਲ ਕਰੋ। ਗੁਰਦੁਆਰੇ ਜਾਓ। ਗੁਰਬਾਣੀ ਦਾ ਕੀਰਤਨ ਕਰੋ, ਪਾਠ ਸੁਣੋ, ਸ਼ਬਦ ਦੀ ਵਿਆਖਿਆ ਵਲ ਧਿਆਨ ਦਿਓ, ਤੁਹਾਨੂੰ ਗੁਰ ਹੁਕਮਾਂ ਦੀ ਸੋਝੀ ਆਉਂਦੀ ਜਾਵੇਗੀ। ਬੱਸ! ਜਦੋਂ ਤੁਹਾਡੀ ਸੁਰਤ"ਸ਼ਬਦ" ਦੀ ਪਕੜ ਕਰਨ ਲੱਗ ਪਈ, ਸਮਝੋ 'ਗੁਰੂ' ਤੁਹਾਡੇ ਅੰਦਰ ਵੱਸਣ ਲੱਗ ਪਿਆ। 'ਸ਼ਬਦ' ਦੇ ਅੰਦਰ ਵਸਣ ਨਾਲ ਗਿਆਨ ਦਾ ਪ੍ਰਕਾਸ਼ ਹੋ ਜਾਵੇਗਾ। ਤੁਸੀਂ ਅਵਗੁਣਾਂ ਨੂੰ ਤਿਆਗ ਕੇ ਗੁਣਵਾਨ ਹੋ ਜਾਵੋਗੇ। ਸਤਿ ਦੇ ਮਾਰਗ ਤੇ ਚਲ ਪਵੋਗੇ।

'ਸਚੇ ਮਾਰਗ ਚਲਦਿਆ ਉਸਤਤਿ ਕਰੇ ਜਹਾਨੁ।'
(ਸਭ ਬੱਚੇ ਮੁਗਧ ਹੋਏ ਸੁਣਦੇ ਰਹੇ)

# ਕਵਿਤਾ ਵਿੱਚ ਗੁਰਬਾਣੀ ਦੀ ਰਲਾਵਟ

ਇਹ ਗੱਲ ਆਮ ਦੇਖੀ ਗਈ ਹੈ ਕਿ ਗੁਰਮਤਿ ਦੇ ਧਾਰਨੀ ਕਵੀ ਆਪਣੀ ਕਵਿਤਾ ਵਿੱਚ ਗੁਰਬਾਣੀ ਦੀਆਂ ਤੁਕਾਂ ਰਲਾ ਦਿੰਦੇ ਹਨ । ਸਧਾਰਨ ਪਾਠਕਾਂ ਨੂੰ ਇਸ ਰਲਾਵਟ ਦੀ ਪਤਾ ਨਹੀਂ ਲਗਦਾ । ਉਹ ਜਾਂ ਤੇ ਸਾਰੀ ਤੁਕ/ਬੰਦ ਨੂੰ ਹੀ ਕਵੀ ਦੀ ਕਿਰਤਨ ਸਮਝ ਲੈਂਦੇ ਹਨ ਜਾਂ ਫਿਰ ਰਲਾਵਟ ਵਾਲੀ ਸਾਰੀ ਤੁਕ ਨੂੰ ਗੁਰਬਾਣੀ ਜਿਵੇਂ ਕਿ ਹੇਠ ਲਿਖਿਆਂ ਰਚਨਾਵਾਂ ਤੋਂ ਜ਼ਾਹਰ ਹੈ -

੧) ਤਾਪਾਂ ਸਿਰ ਤਪਤ ਮਿਟਾਵੇ ਤੇ ਬਖਸ਼ੇ ਸੀਤਲਤਾਈ,
ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ ।

੨) ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ਹਰਿ ਕੋ ਨਾਮੁ ਜਪਿ ਨਿਰਮਲ ਕਰਮ ।
ਖਾਲਸਾ ਧਰਮ ਸਭ ਸ੍ਰਿਸ਼ਟ ਕੋ ਧਰਮ, ਸਭ ਕਲ ਉਧਰੀ ਇਕ ਨਾਮ ਧਰਮ ।

ਮਾਨਯੋਗ ਕਵੀਆਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਉਹ ਆਪਣੀ ਕਵਿਤਾ ਵਿਚ ਗੁਰਬਾਣੀ ਦੀਆਂ ਤੁਕਾਂ ਰਲਾ ਕੇ ਨਾਂ ਲਿਖਿਆ ਕਰਨ ।

ਸੰਪਾਦਕ



www.AKJ.Org

# ਝਟਕਾ ਮਾਸ ਬਾਰੇ ਵਾਦ-ਵਿਵਾਦ

ਕਈ ਥਾਈਂ ਝਟਕਾ ਮਾਸ ਬਾਰੇ ਵਾਦ-ਵਿਵਾਦ ਖੜਾ ਕੀਤਾ ਜਾਂਦਾ ਹੈ ਅਤੇ "ਸੂਰਾ" ਦੇ ਪਾਠਕਾਂ ਵਲੋਂ ਇਸ ਬਾਰੇ ਪੁੱਛਾਂ ਆਉਂਦੀਆਂ ਹਨ । ਇਸ ਸਬੰਧ ਵਿਚ ਗੁਰਮਤਿ, ਗੁਰਬਾਣੀ ਅਤੇ ਇਤਿਹਾਸ ਦੀ ਅਸਲੀਅਤ ਦੇ ਸਾਹਮਣੇ ਹੇਠ ਲਿਖੀਆਂ ਪੁਸਤਕਾਂ ਤੇ ਟਰੈਕਟ ਪੜ੍ਹ ਕੇ ਸਹੀ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ -

| | | |
|---|---|---|
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ | (ਭਾ: ਸਾ: ਰਣਧੀਰ ਸਿੰਘ ਜੀ) | ੧੨-੦੦ |
| ਸਿੱਖ ਧਰਮ ਤੇ ਮਾਸ ਸ਼ਰਾਬ | (ਜੇ. ਪੀ. ਸੰਗਤ ਸਿੰਘ) | ੨੦-੦੦ |
| ਤਉ ਕਿਉ ਮੁਰਗੀ ਮਾਰੈ | (ਭਾਈ ਜੋਗਿੰਦਰ ਸਿੰਘ ਜੀ ਤਲਵਾੜਾ) | ੨-੦੦ |
| ਖਾਲਸਾ ਰਹਿਤ ਮਰਯਾਦਾ | (ਸੂਰਾ ਪਰਵਾਰ) | ੩-੫੦ |
| ਗੁਰਬਾਣੀ ਰਹਿਤਨਾਮਾ | (ਭਾਈ ਸਾ: ਰਾਮ ਸਿੰਘ ਜੀ) | ੧-੫੦ |
| ਗੁਰਸਿੱਖ ਰਹਿਣੀ | (ਪ੍ਰੋ: ਅਮਰਜੀਤ ਕੌਰ) | ੨-੦੦ |

# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿੱਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸ. ਰਣਧੀਰ ਸਿੰਘ ਜੀ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ । ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸੱਪਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ । ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ । **ਭੇਟਾ ਕੇਵਲ ੨.੦੦**

# ਸ੍ਰੀ ਭਗਉਤੀ ਪ੍ਰਬੋਧ

ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚ ਵਰਤੇ ਸ਼ਬਦ 'ਭਗਉਤੀ' ਬਾਰੇ ਕਈ ਤਰ੍ਹਾਂ ਦੇ ਭੁਲੇਖੇ ਪਾਏ ਗਏ ਹਨ । ਇਹ ਬਹੁ-ਅਰਥਕ ਸ਼ਬਦ ਹੈ ਅਤੇ ਇਸ ਬਾਰੇ ਸਹੀ ਸੇਧ ਦੇਣ ਲਈ ਭਾਈ ਕਾਨ੍ਹ ਸਿੰਘ ਜੀ ਨਾਭਾ, ਭਾ: ਸ. ਰਣਧੀਰ ਸਿੰਘ ਜੀ, ਪ੍ਰੋ: ਸਾਹਿਬ ਸਿੰਘ ਜੀ, ਡਾ: ਜਸਵੰਤ ਸਿੰਘ ਨੇਕੀ, ਭਾਈ ਜੋਗਿੰਦਰ ਸਿੰਘ ਤਲਵਾੜਾ ਅਤੇ ਹੋਰ ਵਿਦਵਾਨਾਂ ਦੇ ਲੇਖ ਇਸ ਟ੍ਰੈਕਟ ਵਿੱਚ ਦਿਤੇ ਗਏ ਹਨ । ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ । **ਭੇਟਾ ਕੇਵਲ ੨.੦੦**

# ਸੁਹਿਰਦ ਲੇਖਕਾਂ ਪ੍ਰਤੀ ਬੇਨਤੀਆਂ

੧. ਰਚਨਾਵਾਂ ਹਾਸ਼ੀਆ ਛੱਡਕੇ ਕਾਗਜ਼ ਦੇ ਇੱਕ ਪਾਸੇ ਹੀ ਸਾਫ ਸੁਥਰੀਆਂ ਕਰਕੇ ਲਿਖੀਆਂ ਜਾਣ । ਫੋਟੋ ਕਾਪੀ ਜਾਂ ਕਾਰਬਨ ਕਾਪੀ ਭੇਜਣ ਤੋਂ ਗੁਰੇਜ਼ ਕੀਤਾ ਜਾਵੇ ਜੀ ।

੨. ਗੁਰਬਾਣੀ ਦੀਆਂ ਤੁਕਾਂ, ਲਗਾਂ, ਮਾਤ੍ਰਾਂ, ਲੇਖ ਵਿਚਲੇ ਸੰਨ ਸੰਮਤ, ਹਵਾਲੇ, ਤਾਰੀਖ ਆਦਿ ਚੰਗੀ ਤਰ੍ਹਾਂ ਸੋਧਕੇ ਲਿਖੀਆਂ ਜਾਣ । ਪੰਨਾ ਨੰਬਰ ਜ਼ਰੂਰ ਦਿੱਤਾ ਜਾਏ ।

੩. ਗੁਰਬਾਣੀ ਤੋਂ ਇਲਾਵਾ ਰਚਨਾਵਾਂ ਵਿੱਚ ਦਿਤੇ ਹਵਾਲੇ ਪੁਸਤਕ/ਲਿਖਾਰੀ ਦੇ ਨਾਂ ਸਮੇਤ ਦਿਤੇ ਜਾਣ ।

੪. ਆਪਣੇ ਨਾਮ ਦੇ ਨਾਲ ਜ਼ਾਤ ਗੋਤ ਨਾ ਲਿਖਿਆ ਜਾਏ ।

੫. ਰਚਨਾਵਾਂ ਅਤੇ ਹੋਰ ਕੀਰਤਨ ਪ੍ਰੋਗਰਾਮਾਂ ਸੰਬੰਧੀ ਸੂਚਨਾਵਾਂ ਹਰ ਮਹੀਨੇ ਦੀ ੧੦ ਤਰੀਕ ਤੱਕ "ਸੂਰਾ" ਦਫਤਰ ਵਿੱਚ ਪਹੁੰਚ ਜਾਣ ਤਾਂ ਜੋ ਆਉਂਦੇ ਮਹੀਨੇ ਦੇ ਰਸਾਲੇ ਵਿੱਚ ਛਪ ਸਕਣ ।

ਸੰਪਾਦਕ

# ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ | ੧੦੦/- | ਬੀਬੀ ਬਨਿੰਦਰ ਕੌਰ (U.K.) | ੧੦੦੦੦/- |
| ਡਾ: ਮਨਜੀਤ ਸਿੰਘ ਲੁਧਿਆਣਾ | ੩੦੦/- | ਸ: ਮਨਦੀਪ ਸਿੰਘ (U.K.) | ੧੦੦੦/- |
| ਬੀਬੀ ਬਲਬੀਰ ਕੌਰ | ੫੦/- | ਬੀਬੀ ਤਜਿੰਦਰ ਕੌਰ (U.K.) | ੧੦੦੦੦/- |
| ਚੜ੍ਹਾਵਾ ਉਦਘਾਟਨ ਸੂਰਾ ਦਫ਼ਤਰ ਸਮੇਂ | ੨੭੪/- | ਸ: ਜਸਵਿੰਦਰ ਸਿੰਘ (U.K.) | ੪੫੦੦/- |
| ਜਥੇਦਾਰ ਰਾਮ ਸਿੰਘ ਜੀ | ੧੦੧/- | ਸ: ਬਲਜਿੰਦਰ ਸਿੰਘ (U.K.) | ੫੦੦੦/- |
| ਭਾਈ ਮਨਜੀਤ ਸਿੰਘ ਜਬਲਪੁਰ | ੧੧੧/- | ਸ: ਓਂਕਾਰ ਸਿੰਘ (U.K.) | ੫੦੦/- |
| ਭਾਈ ਜੋਗਾ ਸਿੰਘ ਲੁਧਿਆਣਾ | ੧੪੧੭/- | ਬੀਬੀ ਕੁਲਵਿੰਦਰ ਕੌਰ (U.K.) | ੫੦੦੦/- |

www.AKJ.Org

## ਗ੍ਰੰਥੀ ਸਿੰਘ ਦੀ ਲੋੜ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ ਨੂੰ ਲੁਧਿਆਣਾ ਵਿਖੇ 'ਗੁਰਮਤਿ ਸੰਚਾਰ ਕੇਂਦਰ' ਲਈ ਇੱਕ ਗ੍ਰੰਥੀ ਸਿੰਘ ਦੀ ਲੋੜ ਹੈ । ਯੋਗ ਸੱਜਣ ਆਪਣੀਆਂ ਅਰਜ਼ੀਆਂ ੨੫-੯-੯੪ ਤੱਕ ਸੂਰਾ ਦੇ ਦਫ਼ਤਰ ਵਿੱਚ ਭੇਜ ਦੇਣ ।

## ਗੁਰੂ ਗ੍ਰੰਥ ਸਾਹਿਬ ਜੀ ਦਾ 'ਪਹਿਲਾ ਪ੍ਰਕਾਸ਼ ਉਤਸਵ' ਸਲਾਨਾ ਸਮਾਗਮ

ਹਰ ਸਾਲ ਦੀ ਤਰ੍ਹਾਂ ਇਹ ਸਮਾਗਮ ਚੰਡੀਗੜ੍ਹ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ । ਅਖੰਡ ਪਾਠ, ਕੀਰਤਨ, ਰਿਹਾਇਸ਼, ਲੰਗਰ, ਅੰਮ੍ਰਿਤਸੰਚਾਰ ਆਦਿ ਦਾ ਸਾਰਾ ਪ੍ਰਬੰਧ ਗੁਰਦੁਆਰਾ ਸਾਹਿਬ ਸੈਕਟਰ ੩੪ ਵਿਖੇ ਹੋਵੇਗਾ । ਵੇਰਵਾ ਹੇਠ ਲਿਖੇ ਅਨੁਸਾਰ ਹੈ ।

| | | |
|---|---|---|
| ੧੫-੯-੯੪ ਵੀਰਵਾਰ | ਸਵੇਰੇ | ੫.੩੦ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ੬ ਤੋਂ ੮ ਵਜੇ ਤੱਕ |
| | ਸ਼ਾਮ | ੬.੩੦ ਤੋਂ ੯ ਵਜੇ ਤੱਕ ਸੋਦਰੁ ਦੀ ਚੌਂਕੀ ਤੇ ਕੀਰਤਨ |
| ੧੬-੯-੯੪ ਸ਼ੁਕਰਵਾਰ | ਸਵੇਰੇ | ੬ ਤੋਂ ੯ ਕੀਰਤਨ ਆਸਾ ਦੀ ਵਾਰ |
| | ਸ਼ਾਮ | ੬.੩੦ ਤੋਂ ੯ ਵਜੇ ਤੱਕ ਸੋਦਰੁ ਦੀ ਚੌਂਕੀ ਤੇ ਕੀਰਤਨ |
| ੧੭-੯-੯੪ ਸ਼ਨੀਵਾਰ | ਸਵੇਰੇ | ੫ ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ੧ ਵਜੇ ਤੱਕ । |
| | ਸ਼ਾਮ | ੬.੩੦ ਸੋਦਰੁ ਉਪਰੰਤ ਅਰੰਭ ਰੈਣਿ ਸਬਾਈ ਕੀਰਤਨ । ਭੋਗ ੧੮-੯-੯੪ ਸਵੇਰੇ ੬ ਵਜੇ |

**ਅੰਮ੍ਰਿਤ ਸੰਚਾਰ : – ੧੭–੯–੯੪ ਸ਼ਾਮ ੭ ਵਜੇ ਅਰੰਭ ਹੋਵੇਗਾ ।**

**ਦਾਸਰੇ**

ਅਖੰਡ ਕੀਰਤਨੀ ਜੱਥਾ ਚੰਡੀਗੜ੍ਹ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ

## ਮੁਕਤਸਰ ਵਿਖੇ ਸਲਾਨਾ ਸਮਾਗਮ 'ਰੈਣਿ ਸਬਾਈ ਕੀਰਤਨ'

੨੪-੯-੯੪ ਸ਼ਾਮ ਸੋਦਰੁ ਉਪਰੰਤ ਰੈਣਿ ਸਬਾਈ ਕੀਰਤਨ ਅਰੰਭ ਗੁਰਦੁਆਰਾ ਤੰਬੂ ਸਾਹਿਬ ਵਿਖੇ,

**ਗੁਰਦੁਆਰਾ ਦੂਖ ਨਿਵਾਰਨ ਸਾਹਿਬ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ੨੪ ਸਤੰਬਰ ਰਾਤ ਨੂੰ**

**ਗੁਰਦੁਆਰਾ ਪੁਲ ਪੁਖਤਾ ਪਾ: ਛੇਵੀਂ ਟਾਂਡਾ (ਹੁਸ਼ਿਆਰਪੁਰ) ਵਿਖੇ ਸਲਾਨਾ ਸਮਾਗਮ ੬ ਤੋਂ ੯ ਅਕਤੂਬਰ**

**ਮੋਗਾ ਵਿਖੇ ਸਲਾਨਾ ਗੁਰਗੱਦੀ ਦਿਵਸ ਸਮਾਗਮ ੩ ਨਵੰਬਰ ਵੇਰਵਾ ਆਉਂਦੇ ਸੂਰਾ ਵਿੱਚ**

**ਜਲੰਧਰ ਵਿਖੇ ਗੁਰੂ ਨਾਨਕ ਆਗਮ ਪੁਰਬ, ੧੬ ਨਵੰਬਰ ਤੋਂ ੧੯ ਨਵੰਬਰ ਵੇਰਵਾ ਆਉਂਦੇ ਸੂਰਾ ਵਿੱਚ**

**ਗੁਰਬਾਣੀ ਦੇ ਸਤਿਕਾਰ ਲਈ "ਸੂਰਾ" ਪੱਤਰ ਨੂੰ ਉੱਚੀ ਥਾਂ ਰਖੋ ਜੀ**

## · ਅਖੰਡ ਕੀਰਤਨੀ ਜਥਾ ਯੂ. ਕੇ

**ਮਿਤੀ ੧੭–੯–੯੪ ਨੂੰ ਰੈਣਿ ਸਬਾਈ ਕੀਰਤਨ**

Gurd. CENTRAL GLASGOW, 138 BERKELY STREET
GLASGOW YORKS Tel. : Gurd. 041-2216698

**ਵਧੇਰੇ ਜਾਣਕਾਰੀ ਲਈ :** ਭਾਈ ਮਨਜੀਤ ਸਿੰਘ ੦੪੧-੬੧੬-੦੩੬੦
ਭਾਈ ਅਵਤਾਰ ਸਿੰਘ ੦੪੧-੩੩੧੧੯੫੭
ਭਾਈ ਅਮਰੀਕ ਸਿੰਘ ੦੪੧-੯੪੬੨੬੪੧

ਦਿੱਲੀ ਸਮਾਗਮ 13 ਤੋਂ 16 ਅਕਤੂਬਰ

GLASSGOW



www.AKJ.Org